## ਅਧਿਆਇ 6

# ਨਜ਼ੀਰ ਅਤੇ ਜਾਜਕਾਈ ਅਸੀਸ

ਗਿਣਤੀ ਦੀ ਪੁਸਤਕ ਦੇ ਪਿਛਲੇ ਅਧਿਆਇ ਦੇ ਵਾਂਗ, ਅਧਿਆਇ 6 ਵਿਚ ਸ਼ੁੱਧਤਾਈ ਤੇ ਫੇਰ ਜ਼ੋਰ ਦਿੱਤਾ ਗਿਆ ਹੈ। ਪਰਮੇਸ਼ੁਰ ਨੇ ਮੂਸਾ ਦੇ ਰਾਹੀਂ ਨਜ਼ੀਰਾਂ ਸੰਬੰਧੀ ਆਪਣੀ ਨੀਤੀ ਦਿੱਤੀ। ਇਹ ਖ਼ਾਸ ਲੋਕ ਸਨ ਜਿਹੜੇ ਉਨ੍ਹਾਂ ਦੀ ਸੁੱਖਣਾਂ ਸੰਬੰਧੀ ਸ਼ੁੱਧਤਾਈ ਦੇ ਵਿਸ਼ੇਸ਼ ਨਿਯਮਾਂ ਦਾ ਪਾਲਣ ਕਰਦੇ ਸਨ (6:1-21)। ਇਹ ਭਾਗ (ਅਧਿਆਇ 5; 6) ਪਰਮੇਸ਼ੁਰ ਦੁਆਰਾ ਅਸੀਸ ਦੀ ਪ੍ਰਾਰਥਨਾ ਨੂੰ ਬੋਲ ਕੇ ਲਿਖਵਾਉਣ ਨਾਲ ਖਤਮ ਹੁੰਦਾ ਹੈ ਜਿਸ ਦੀ ਘੋਸ਼ਣਾ ਜਾਜਕਾਂ ਦੁਆਰਾ ਇਸਰਾਏਲ ਉੱਤੇ ਕੀਤੀ ਜਾਣੀ ਸੀ (6:22-27)

## ਨਜ਼ੀਰ ਦੀ ਸੁੱਖਣਾ (6:1-21)

### ਸੁੱਖਣਾਂ ਦੀਆਂ ਮੰਗਾਂ (6:1-8)

**1ਯਹੋਵਾਹ ਮੂਸਾ ਨੂੰ ਬੋਲਿਆ, 2ਇਸਰਾਏਲੀਆਂ ਨਾਲ ਗੱਲ ਕਰ ਅਤੇ ਉਨ੍ਹਾਂ ਨੂੰ ਆਖ ਕਿ
ਜਦ ਕੋਈ ਪੁਰਸ਼ ਯਾ ਇਸਤ੍ਰੀ ਨਜ਼ੀਰ ਦੀ ਖ਼ਾਸ ਸੁੱਖਣਾ ਸੁੱਖੇ ਅਰਥਾਤ ਯਹੋਵਾਹ ਲਈ ਆਪਣੇ
ਆਪ ਨੂੰ ਅਰਪਨ ਕਰੇ। 3ਤਾਂ ਮਧ ਤੋਂ ਅਰ ਸ਼ਰਾਬ ਤੋਂ ਆਪਣੇ ਆਪ ਨੂੰ ਅੱਡ ਰੱਖੇ। ਉਹ ਨਾ ਤਾਂ
ਦਾਖ ਰਸ ਦਾ ਸਿਰਕਾ ਨਾ ਸ਼ਰਾਬ ਦਾ ਸਿਰਕਾ ਪੀਵੇ ਅਤੇ ਉਹ ਕੋਈ ਦਾਖ ਰਸ ਨਾ ਪੀਵੇ ਨਾ
ਕੋਈ ਦਾਖ ਸੁੱਕੀ ਯਾ ਤਾਜ਼ਾ ਖਾਵੇ। 4ਉਹ ਦੇ ਅੱਡ ਹੋਣ ਦੇ ਸਾਰੇ ਦਿਨ ਉਹ ਕੁਝ ਨਾ ਖਾਵੇ
ਜਿਹੜਾ ਦਾਖ ਤੋਂ ਬਣਿਆ ਹੋਵੇ ਬੀ ਤੋਂ ਲੈਕੇ ਛਿੱਲ ਤੀਕ। 5ਉਸ ਦੇ ਅੱਡ ਹੋਣ ਦੀ ਸੁੱਖਣਾ ਦੇ ਸਾਰੇ
ਦਿਨ ਕੋਈ ਉਸਤਰਾ ਉਸ ਦੇ ਸਿਰ ਨੂੰ ਨਾ ਲੱਗੇ ਜਦ ਤੀਕ ਉਸ ਦੇ ਦਿਨ ਪੂਰੇ ਨਾ ਹੋਣ ਜਿਨ੍ਹਾਂ
ਵਿੱਚ ਉਸ ਨੇ ਯਹੋਵਾਹ ਲਈ ਆਪਣੇ ਆਪ ਨੂੰ ਅੱਡ ਕੀਤਾ, ਉਹ ਪਵਿੱਤ੍ਰ ਰਹੇ ਅਤੇ ਆਪਣੇ ਸਿਰ
ਦੇ ਬਾਲਾਂ ਦੀਆਂ ਲਟਾਂ ਵਧਣ ਦੇਵੇ। 6ਉਸ ਦੇ ਯਹੋਵਾਹ ਲਈ ਅੱਡ ਹੋਣ ਦੇ ਸਾਰੇ ਦਿਨ ਉਹ ਕਿਸੇ
ਲੋਥ ਉੱਤੇ ਨਾ ਜਾਵੇ। 7ਉਹ ਆਪਣੇ ਪਿਤਾ, ਮਾਤਾ, ਭਰਾ ਯਾ ਭੈਣ ਲਈ ਜਦ ਓਹ ਮਰ ਜਾਣ
ਭਿੱਟਿਆ ਨਾ ਜਾਵੇ ਕਿਉਂ ਜੋ ਉਸ ਦੇ ਪਰਮੇਸ਼ੁਰ ਲਈ ਅੱਡ ਹੋਣ ਦੀ ਜੁੰਮੇਵਾਰੀ ਉਸ ਦੇ ਸਿਰ ਉੱਤੇ
ਹੈ। 8ਉਸ ਦੇ ਅੱਡ ਹੋਣ ਦੇ ਸਾਰੇ ਦਿਨ ਯਹੋਵਾਹ ਲਈ ਪਵਿੱਤ੍ਰ ਹਨ।**

**ਆਇਤਾਂ 1, 2. ਨਜ਼ੀਰ** (נָזִיר, *ਨਜ਼ੀਰ* ; 6:2, 19, 21) ਸ਼ਬਦ ਦਾ ਅਰਥ ਹੈ "ਵੱਖਰਾ ਕੀਤਾ ਹੋਇਆ" ਜੋ ਕਿ ਇਬਰਾਨੀ ਕਿਰਿਆ נָזַר *(ਨਜ਼ਰ)* ਤੋਂ ਆਇਆ ਹੈ, ਜਿਹੜਾ ਆਪਣੇ ਆਪ ਨੂੰ ਇਕ ਖ਼ਾਸ ਉਦੇਸ਼ ਦੇ ਲਈ **ਅਰਪਨ** ਜਾਂ ਪਵਿੱਤਰ ਕਰਨ ਦੇ ਲਈ ਇਕ ਫ਼ੈਸਲੇ ਬਾਰੇ ਦੱਸਦਾ ਹੈ। ਜਿਵੇਂ ਕਿ ਦੋਵੇਂ ਸ਼ਬਦ ਅਤੇ ਲਿਖਤ ਸੁਝਾਅ ਦਿੰਦੇ ਹਨ (6:1-21), ਨਜ਼ੀਰ ਉਹ ਹੁੰਦਾ ਸੀ ਜਿਹੜਾ **ਯਹੋਵਾਹ ਲਈ** ਆਪਣੇ ਆਪ ਨੂੰ ਇਕ ਨਿਸ਼ਚਤ ਸਮੇਂ ਦੇ ਲਈ ਵੱਖਰਾ ਕਰਨ ਦੀ ਸੁੱਖਣਾ ਸੁੱਖਦਾ ਸੀ, ਇਕ ਭਾਵ ਵਿਚ, ਉਹ ਬਾਕੀ ਲੋਕਾਂ ਤੋਂ ਵੱਖਰਾ ਕੀਤਾ ਗਿਆ ਸੀ। ਲਿਖਤ ਨਜ਼ੀਰ ਦੀ **ਸੁੱਖਣਾ** ਦੇ ਮੁੱਢ ਦੀ ਗੱਲ ਕਰਦੀ ਪ੍ਰਤੀਤ ਨਹੀਂ ਹੁੰਦੀ; ਬਲਕਿ ਇਹ ਬਿਧੀਆਂ ਪਹਿਲਾਂ ਤੋਂ ਚੱਲੀ

ਆ ਰਹੀ ਰੀਤ ਨੂੰ ਨਿਯਮਤ ਕਰਨ ਦੇ ਲਈ ਦਿੱਤੀਆਂ ਗਈਆਂ ਸਨ।

ਇਕ **ਇਸਤ੍ਰੀ** ਨਜ਼ੀਰ ਬਣ ਸਕਦੀ ਸੀ। ਇਸ ਪੂਰੇ ਅਧਿਆਇ ਵਿਚ, "ਉਹ" ਸ਼ਬਦ ਕਿਸੇ ਦਾ ਵੀ ਹਵਾਲਾ ਦੇਣ ਦਾ ਇਕ ਆਮ ਤਰੀਕਾ ਸੀ, ਭਾਵੇਂ ਉਹ ਪੁਰਸ਼ ਜਾਂ ਇਸਤ੍ਰੀ ਹੋਵੇ, ਜਿਹੜਾ ਪਰਮੇਸ਼ੁਰ ਦੇ ਲਈ ਅਰਪਣ ਹੋਣ ਦੇ ਲਈ ਸੁੱਖਣਾ ਸੁੱਖਦਾ ਸੀ।

**ਆਇਤਾਂ 3, 4.** ਨਜ਼ੀਰ ਦੇ ਪਵਿੱਤਰ ਕੀਤੇ ਜਾਣ ਦੇ ਸਮੇਂ ਦੌਰਾਨ ਉਸ ਦੇ ਅੱਗੇ ਤਿੰਨ ਮੰਗਾਂ ਰੱਖੀਆਂ ਜਾਂਦੀਆਂ ਸਨ ਅਤੇ ਹਰੇਕ ਮੰਗ ਬਹੁਤ ਕਠੋਰ ਸੀ। ਪਹਿਲੀ, **ਉਹ ਮਧ ਤੋਂ ਅਰ ਸ਼ਰਾਬ ਤੋਂ ਆਪਣੇ ਆਪ ਨੂੰ ਅੱਡ ਰੱਖੇ**। ਨਸ਼ੇ ਵਾਲੇ ਪੇਅ ਪਦਾਰਥਾਂ ਦੇ ਖ਼ਤਰਿਆਂ ਦਾ ਉਦਾਰਹਣ ਪੁਰਾਣੇ ਨੇਮ ਵਿਚ ਚੰਗੀ ਤਰ੍ਹਾਂ ਦਿੱਤਾ ਗਿਆ ਹੈ (ਕਹਾਉਤਾਂ 20:1; 23:29-35)। ਨਾਦਾਬ ਅਤੇ ਅਬੀਹੂ ਦੇ ਪਾਪ ਅਤੇ ਮੌਤ ਤੋਂ ਬਾਅਦ, ਜਾਜਕਾਂ ਨੂੰ ਜਦੋਂ ਉਹ ਡੇਹਰੇ ਦੀ ਟਹਿਲ ਸੇਵਾ ਕਰਦੇ ਸਨ ਤਾਂ "ਮਧ ਜਾਂ ਸ਼ਰਾਬ ਨਾ ਪੀਣ" ਦੀ ਚਿਤਾਵਨੀ ਦਿੱਤੀ ਗਈ ਸੀ ਤਾਂ ਕਿ ਕਿਤੇ ਉਹ ਮਰ ਨਾ ਜਾਣ (ਲੇਵੀਆਂ 10:9)। ਨਜ਼ੀਰ ਨੇ ਨਾ ਸਿਰਫ਼ "ਮਧ ਅਰ ਸ਼ਰਾਬ" ਤੋਂ ਅੱਡ ਰਹਿਣਾ ਸੀ, ਪਰ ਉਸ ਨੇ **ਦਾਖ ਰਸ ਦੇ ਸਿਰਕੇ, ਦਾਖ ਰਸ, ਸੁੱਕੀ ਯਾ ਤਾਜ਼ਾ ਦਾਖ** ਅਤੇ **ਦਾਖ ਤੋਂ ਬਣੇ ਹੋਏ ਬੀ ਤੋਂ ਲੈਕੇ ਛਿੱਲ** ਤੋਂ ਵੀ ਅੱਡ ਰਹਿਣਾ ਸੀ। ਇਹ ਦਾਖ ਤੋਂ ਬਣੇ ਸਾਰੇ ਉਤਪਾਦਾਂ ਅਤੇ ਪੀਣ ਵਾਲੇ ਸਾਰੇ ਨਸ਼ੀਲੇ ਪਦਾਰਥਾਂ ਤੇ ਇਕ ਪਾਬੰਦੀ ਸੀ। ਸੁੱਖਣਾ ਦੇ ਸਮੇਂ ਨੂੰ **ਅੱਡ ਹੋਣ ਦੇ ਸਾਰੇ ਦਿਨ** ਕਿਹਾ ਗਿਆ ਹੈ (ਵੇਖੋ 6:5-8, 13, 21)।

**ਆਇਤ 5.** ਦੂਜੀ, **ਕੋਈ ਉਸਤਰਾ ਉਸ ਦੇ ਸਿਰ ਨੂੰ ਨਾ ਲੱਗੇ**। ਉਸ ਦੇ ਵਾਲਾਂ ਨੂੰ ਕੱਟਣ ਦੀ ਬਜਾਇ, ਨਜ਼ੀਰ ਨੇ **ਆਪਣੇ ਸਿਰ ਦੇ ਬਾਲਾਂ ਦੀਆਂ ਲਟਾਂ ਵਧਣ ਦੇਣੀਆਂ** ਸਨ। ਇਹ ਇਕ ਸਭ ਨੂੰ ਦਿੱਖਣ ਵਾਲਾ ਫ਼ਰਕ ਹੋਣਾ ਸੀ, ਜਿਹੜਾ ਉਸ ਨੂੰ ਬਾਕੀ ਦੇ ਸਮਾਜ ਤੋਂ ਅੱਡ ਕਰਦਾ ਸੀ। ਇਹ ਨਿਯਮ ਅੱਜ ਦੇ ਸਮੇਂ ਦੇ ਪਾਠਕਾਂ ਨੂੰ ਅਜੀਬ ਜਾਪ ਸਕਦਾ ਹੈ, ਪਰ ਪ੍ਰਚੀਨ ਮਸੋਪੋਤਾਮੀਆ ਦੀਆਂ "ਰਸਮੀ ਅਤੇ ਕਾਨੂੰਨੀ ਰੀਤਾਂ ਵਿਚ ਵਾਲ ਇਕ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਸਨ।"[1]

**ਆਇਤਾਂ 6, 7.** ਤੀਜੀ, ਨਜ਼ੀਰ **ਕਿਸੇ ਲੋਥ ਉੱਤੇ ਨਾ ਜਾਵੇ**। ਉਸ ਨੂੰ ਲੋਥ ਨੂੰ ਛੋਹਣ ਤੋਂ ਅਤੇ **ਅਸ਼ੁੱਧ** ਹੋਣ ਤੋਂ ਪਰਹੇਜ਼ ਕਰਨਾ ਪੈਣਾ ਸੀ (ਵੇਖੋ 5:2)। ਇਹ ਨਿਯਮ ਕਿਸੇ ਵੀ ਮ੍ਰਿਤ ਵਿਅਕਤੀ ਤੇ ਲਾਗੂ ਹੁੰਦਾ ਸੀ, ਸਗੋਂ ਇਕ ਨਜ਼ਦੀਕੀ ਰਿਸ਼ਤੇਦਾਰ ਤੇ ਵੀ ਜਿਹੜਾ ਮਰ ਗਿਆ ਸੀ, ਭਾਵੇਂ ਉਹ **ਉਸ ਦਾ ਪਿਤਾ, ਮਾਤਾ, ਭਰਾ**, ਜਾਂ **ਭੈਣ** ਹੀ ਕਿਉਂ ਨਾ ਹੋਵੇ।

**ਆਇਤ 8.** ਪਰਮੇਸ਼ੁਰ ਦੇ ਲਈ ਪਵਿੱਤ੍ਰ ਹੋਣਾ ਅਤੇ ਕੁਝ ਹੱਦ ਤੱਕ, ਦੂਜਿਆਂ ਤੋਂ ਅੱਡ ਹੋਣਾ, ਨਜ਼ੀਰ **ਯਹੋਵਾਹ ਲਈ ਪਵਿੱਤ੍ਰ** ਸੀ। ਇਸ ਬੰਦ ਵਿਚ "ਨਜ਼ੀਰ," "ਅਰਪਨ ਕੀਤਾ ਹੋਇਆ," "ਅੱਡ ਕੀਤਾ ਹੋਇਆ" ਅਤੇ "ਪਵਿੱਤ੍ਰ" ਸ਼ਬਦ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ "ਪਵਿੱਤ੍ਰ" ਸ਼ਬਦ ਦਾ ਕੀ ਅਰਥ ਹੁੰਦਾ ਹੈ: ਇਹ ਉਸ ਵਿਅਕਤੀ (ਜਾਂ ਕਿਸੇ ਚੀਜ਼) ਦਾ ਹਵਾਲਾ ਦਿੰਦਾ ਹੈ ਜੋ ਖਾਸਕਰ ਪਰਮੇਸ਼ੁਰ ਦੇ ਲਈ ਅਰਪਨ ਕੀਤਾ ਗਿਆ ਹੈ।

### ਅਪਵਿੱਤ੍ਰ ਹੋਣ ਦੀ ਹਾਲਤ ਵਿਚ (6:9-12)

**9ਜੇ ਕੋਈ ਉਸ ਦੇ ਕੋਲ ਅਚਾਣਕ ਮਰ ਜਾਵੇ ਅਤੇ ਉਸ ਦੇ ਅੱਡ ਹੋਣ ਦਾ ਸਿਰ ਭਿੱਟਿਆ**
**ਗਿਆ ਤਾਂ ਉਹ ਆਪਣੇ ਸ਼ੁੱਧ ਹੋਣ ਦੇ ਦਿਨ ਆਪਣਾ ਸਿਰ ਮੁਨਾਵੇ, ਸੱਤਵੇਂ ਦਿਨ ਉਹ ਨੂੰ ਮੁਨਾਵੇ।**
**10ਫੇਰ ਅੱਠਵੇਂ ਦਿਨ ਉਹ ਜਾਜਕ ਕੋਲ ਮੰਡਲੀ ਦੇ ਤੰਬੂ ਦੇ ਦਰਵੱਜੇ ਉੱਤੇ ਦੋ ਘੁੱਗੀਆਂ ਯਾ ਦੋ**
**ਕਬੂਤਰ ਦੇ ਬੱਚੇ ਲਿਆਵੇ। 11ਤਾਂ ਜਾਜਕ ਇੱਕ ਨੂੰ ਪਾਪ ਦੀ ਬਲੀ ਅਰ ਦੂਜੇ ਨੂੰ ਹੋਮ ਦੀ ਬਲੀ**
**ਲਈ ਚੜ੍ਹਾਵੇ ਅਤੇ ਇਉਂ ਉਹ ਦੇ ਲਈ ਪਰਾਸਚਿਤ ਕਰੇ ਕਿਉਂ ਜੋ ਉਸ ਨੇ ਉਸ ਲੋਥ ਦੇ ਕਾਰਨ**
**ਪਾਪ ਕੀਤਾ ਤਾਂ ਉਹ ਆਪਣੇ ਸਿਰ ਨੂੰ ਉਸੇ ਦਿਨ ਪਵਿੱਤ੍ਰ ਕਰੇ। 12ਉਹ ਆਪਣੇ ਅੱਡ ਹੋਣ ਦੇ ਦਿਨ**

**ਯਹੋਵਾਹ ਲਈ ਅੱਡ ਰੱਖੇ ਅਤੇ ਉਹ ਇੱਕ ਵਰਹੇ ਦਾ ਲੇਲਾ ਅਪਰਾਧ ਦੀ ਭੇਟ ਲਈ ਲਿਆਵੇ ਪਰ ਉਸ ਦੇ ਪਿੱਛਲੇ ਦਿਨ ਅਕਾਰਥ ਗਏ ਕਿਉਂ ਜੋ ਉਹ ਆਪਣੇ ਅੱਡ ਹੋਣ ਵਿੱਚ ਭਿੱਟਿਆ ਗਿਆ।**

**ਆਇਤ 9.** ਨਜ਼ੀਰ ਨੂੰ ਕੀ ਕਰਨ ਦੀ ਲੋੜ ਹੁੰਦੀ ਸੀ ਜੇਕਰ ਉਹ ਉਸ ਦੇ ਪਵਿੱਤ੍ਰ ਕਰਨ ਦੇ ਸਮੇਂ ਦੌਰਾਨ ਅਣਜਾਣੇ ਵਿਚ ਅਪਵਿੱਤ੍ਰ ਹੋ ਜਾਂਦਾ ਸੀ? ਜੇਕਰ ਉਹ ਕਿਸੇ ਮ੍ਰਿਤ ਵਿਅਕਤੀ ਦੇ ਸੰਪਰਕ ਵਿਚ ਆ ਜਾਂਦਾ ਸੀ (ਜਿਵੇਂ ਕਿ **ਜੇ ਕੋਈ ਉਸ ਦੇ ਕੋਲ ਅਚਾਣਕ ਮਰ ਜਾਵੇ**), ਉਹ ਅਸ਼ੁੱਧ ਹੋ ਜਾਂਦਾ ਸੀ ਅਤੇ ਸੱਤ ਦਿਨਾਂ ਤੀਕ ਅਸ਼ੁੱਧ ਰਹਿੰਦਾ ਸੀ। **ਸੱਤਵੇਂ ਦਿਨ**, ਉਹ **ਸ਼ੁੱਧ** ਹੋ ਜਾਂਦਾ ਸੀ ਅਤੇ ਉਸ ਦਿਨ ਉਸ ਨੇ **ਆਪਣਾ ਸਿਰ ਮੁਨਵਾਉਣਾ** ਸੀ।

**ਆਇਤਾਂ 10, 11. ਅੱਠਵੇਂ ਦਿਨ** ਉਸ ਨੇ ਆਪਣੀ ਅਸ਼ੁੱਧਤਾਈ ਦਾ ਪਰਾਸਚਿਤ ਕਰਨ ਦੇ ਲਈ ਡੇਹਰੇ ਵਿਚ **ਦੋ ਘੁੱਗੀਆਂ ਜਾਂ ਦੋ ਕਬੂਤਰ ਦੇ ਬੱਚੇ** ਲਿਆਉਣੇ ਸਨ (ਵੇਖੋ ਲੇਵੀਆਂ 1:14; 5:7, 11; 12:8)। ਉਹ ਉਨ੍ਹਾਂ ਨੂੰ **ਮੰਡਲੀ ਦੇ ਤੰਬੂ ਦੇ ਦਰਵੱਜੇ ਉੱਤੇ ਜਾਜਕ** ਨੂੰ ਦਿੰਦਾ ਸੀ। ਇਨ੍ਹਾਂ ਵਿੱਚੋਂ ਇਕ ਪੰਛੀ ਨੂੰ **ਪਾਪ ਦੀ ਬਲੀ** ਕਰਕੇ ਚੜ੍ਹਾਇਆ ਜਾਣਾ ਸੀ (ਵੇਖੋ 6:16)। ਨਵੇਂ ਨੇਮ ਵਿਚ ਇਸ ਸ਼ਬਦ ਦੇ ਅਰਥ ਵਿਚ, ਅਸੀਂ ਇਹ ਸਿੱਟਾ ਨਹੀਂ ਕੱਢਣਾ ਹੈ ਕਿ ਨਜ਼ੀਰ ਦਾ ਲੋਥ ਨਾਲ ਭਿੱਟਿਆ ਜਾਣਾ ਇਕ ਪਾਪ ਸੀ। ਉਹ ਅਣਜਾਣੇ ਵਿਚ ਭਿੱਟਿਆ ਸੀ ਅਤੇ ਉਸ ਨੇ ਕੋਈ ਪਾਪ ਨਹੀਂ ਸੀ ਕੀਤਾ। ਫਿਰ ਵੀ, ਬਿਵਸਥਾ ਅਧੀਨ, ਕਈ ਵਾਰ "ਪਾਪ ਦੀਆਂ ਬਲੀਆਂ" ਲੋਕਾਂ ਨੂੰ ਰਸਮੀ ਤੌਰ ਤੇ ਸ਼ੁੱਧਤਾਈ ਦੀ ਅਵਸਥਾ ਵਿਚ ਲਿਆਉਣ ਦੇ ਲਈ ਚੜ੍ਹਾਈਆਂ ਜਾਂਦੀਆਂ ਸਨ, ਸਗੋਂ ਉਸ ਸਮੇਂ ਵੀ ਜਦੋਂ ਕੋਈ ਪਾਪ ਨਹੀਂ ਸੀ ਕੀਤਾ ਗਿਆ ਹੁੰਦਾ। ਉਦਾਹਰਣ ਦੇ ਲਈ, ਇਕ ਇਸਤ੍ਰੀ ਦੇ ਬੱਚੇ ਨੂੰ ਜਨਮ ਦੇਣ ਤੋਂ ਬਾਅਦ, ਉਸ ਨੇ ਉਹ ਭੇਟ ਚੜ੍ਹਾਉਣੀ ਹੁੰਦੀ ਸੀ ਜਿਸ ਨੂੰ "ਪਾਪ ਦੀ ਬਲੀ" ਕਿਹਾ ਜਾਂਦਾ ਹੈ (ਲੇਵੀਆਂ 12:7, 8)।[2] ਇਸ ਲਈ, ਨਜ਼ੀਰ ਦੁਆਰਾ ਦਿੱਤੀ ਜਾਣ ਵਾਲੀ "ਪਾਪ ਦੀ ਬਲੀ" ਦੀ ਕੁਰਬਾਨੀ ਇਹ ਨਹੀਂ ਦੱਸਦੀ ਕਿ ਉਹ ਕਿਸੇ ਨੈਤਿਕ ਜਾਂ ਧਾਰਮਿਕ ਗਲਤੀ ਦਾ ਦੋਸ਼ੀ ਸੀ।

ਦੂਜਾ ਪੰਛੀ **ਹੋਮ ਦੀ ਬਲੀ** ਦੇ ਲਈ ਸੀ। ਇਹ ਬਲੀਆਂ **ਉਸ ਦੇ ਪਰਾਸਚਿਤ ਕਰਨ ਦੇ ਲਈ** ਦਿੱਤੀਆਂ ਜਾਂਦੀਆਂ ਸਨ, ਪਰ ਉਸ ਨੂੰ **ਆਪਣੇ ਸਿਰ ਨੂੰ ਵੀ ਪਵਿੱਤ੍ਰ ਕਰਨਾ** ਅਤੇ ਉਸ ਦੀ ਸੁੱਖਣਾ ਨੂੰ ਨਵੇਂ ਸਿਰਿਓਂ ਨਵਾਂ ਕਰਨਾ ਪੈਂਦਾ ਸੀ।

**ਆਇਤ 12. ਨਜ਼ੀਰ** ਨੂੰ **ਇੱਕ ਵਰਹੇ ਦਾ ਲੇਲਾ** ਚੜ੍ਹਾਉਣਾ ਪੈਂਦਾ ਸੀ ਜਦੋਂ ਉਹ ਆਪਣੇ ਆਪ ਨੂੰ ਦੁਬਾਰਾ ਤੋਂ ਉਸ ਸਮੇਂ ਦੇ ਲਈ ਅਰਪਨ ਕਰਦਾ ਸੀ ਜੋ ਅਸਲ ਵਿਚ ਉਸ ਨੇ ਪਵਿੱਤ੍ਰ ਕਰਨ ਦੇ ਲਈ ਰੱਖਿਆ ਸੀ। ਉਸ ਦੇ **ਪਿੱਛਲੇ ਦਿਨ** ਜਿਨ੍ਹਾਂ ਦੌਰਾਨ ਉਸ ਨੇ ਅਸ਼ੁੱਧ ਹੋਣ ਤੋਂ ਪਹਿਲਾਂ ਸੇਵਾ ਕੀਤੀ ਸੀ ਅਕਾਰਥ ਹੋ ਜਾਂਦੇ ਸਨ ਅਤੇ ਗਿਣਤੀ ਵਿਚ ਨਹੀਂ ਸੀ ਆਉਂਦੇ **ਕਿਉਂ ਜੋ ਉਹ ਆਪਣੇ ਅੱਡ ਹੋਣ ਵਿੱਚ ਭਿਟਿਆ ਗਿਆ ਸੀ**, ਇਸ ਲਈ ਉਸ ਨੇ ਫੇਰ ਤੋਂ ਆਪਣੀ ਸੁੱਖਣਾ ਨੂੰ ਪੂਰਾ ਕਰਨਾ ਸ਼ੁਰੂ ਕੀਤਾ ਸੀ।

### ਸੁੱਖਣਾ ਦਾ ਪੂਰਾ ਕਰਨਾ (6:13-21)

**13ਏਹ ਨਜ਼ੀਰ ਲਈ ਬਿਵਸਥਾ ਹੈ, ਜਿਸ ਦਿਨ ਉਸ ਦੇ ਅੱਡ ਹੋਣ ਦੇ ਦਿਨ ਪੂਰੇ ਹੋਣ ਤਾਂ ਉਹ ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਲਿਆਂਦਾ ਜਾਵੇ। 14ਉਹ ਯਹੋਵਾਹ ਕੋਲ ਆਪਣੀ ਬਲੀ ਲਿਆਵੇ, ਇੱਕ ਵਰਹੇ ਦਾ ਬੱਜ ਤੋਂ ਰਹਿਤ ਲੇਲਾ ਹੋਮ ਦੀ ਬਲੀ ਲਈ ਅਤੇ ਇੱਕ ਵਰਹੇ ਦੀ ਬੱਜ ਤੋਂ ਰਹਿਤ ਲੇਲੀ ਪਾਪ ਦੀ ਬਲੀ ਲਈ ਅਤੇ ਇੱਕ ਬੱਜ ਤੋਂ ਰਹਿਤ ਛੱਤ੍ਰਾ ਸੁਖ ਸਾਂਦ ਦੀ ਬਲੀ ਲਈ ਲਿਆਵੇ। 15ਨਾਲੇ ਪਤੀਰੀਆਂ ਰੋਟੀਆਂ ਦਾ ਛਾਬਾ ਅਤੇ ਮੈਦੇ ਦੇ ਫੁਲਕੇ ਤੇਲ ਨਾਲ ਚੋਪੜੇ ਹੋਏ ਅਤੇ ਪਤੀਰੀਆਂ ਮੱਠੀਆਂ ਤੇਲ ਨਾਲ ਚੋਪੜੀਆਂ ਹੋਈਆਂ ਉਨ੍ਹਾਂ ਦੇ ਮੈਦੇ ਦੀ ਭੇਟ ਅਤੇ ਪੀਣ**

**ਦੀਆਂ ਭੇਟਾਂ ਨਾਲ ਹੋਣ। [16]ਫੇਰ ਜਾਜਕ ਉਨ੍ਹਾਂ ਨੂੰ ਯਹੋਵਾਹ ਦੇ ਅੱਗੇ ਲਿਆਵੇ ਅਤੇ ਉਹ ਦੇ ਪਾਪ ਦੀਆਂ ਅਤੇ ਉਹ ਦੇ ਹੋਮ ਦੀਆਂ ਬਲੀਆਂ ਚੜ੍ਹਾਵੇ। [17]ਅਤੇ ਉਸ ਛੱਤ੍ਰੇ ਨੂੰ ਪਤੀਰੀਆਂ ਰੋਟੀਆਂ ਦੇ ਛਾਬੇ ਸਣੇ ਸੁਖ ਸਾਂਦ ਦੀ ਬਲੀ ਲਈ ਯਹੋਵਾਹ ਨੂੰ ਚੜ੍ਹਾਵੇ ਅਤੇ ਜਾਜਕ ਉਸ ਦੇ ਮੈਦੇ ਦੀ ਭੇਟ ਅਤੇ ਪੀਣ ਦੀ ਭੇਟ ਵੀ ਚੜ੍ਹਾਵੇ। [18]ਤਾਂ ਨਜ਼ੀਰ ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਆਪਣੇ ਅੱਡ ਹੋਣ ਦਾ ਸਿਰ ਮੁਨਾਵੇ ਅਤੇ ਆਪਣੇ ਅੱਡ ਹੋਣ ਦੇ ਸਿਰ ਦੇ ਬਾਲ ਅੱਗ ਉੱਤੇ ਸੁੱਟੇ ਜਿਹੜੀ ਸੁਖ ਸਾਂਦ ਦੀ ਬਲੀ ਹੇਠ ਹੈ। [19]ਫੇਰ ਜਾਜਕ ਉਸ ਛੱਤ੍ਰੇ ਦਾ ਉਬਾਲਿਆ ਹੋਇਆ ਮੋਢਾ ਅਤੇ ਛਾਬੇ ਵਿੱਚੋਂ ਇੱਕ ਪਤੀਰਾ ਫੁਲਕਾ ਅਤੇ ਇੱਕ ਪਤੀਰੀ ਮੱਠੀ ਲੈ ਕੇ ਨਜ਼ੀਰ ਦੇ ਹੱਥਾਂ ਉੱਤੇ ਉਸ ਦੇ ਅੱਡ ਹੋਣ ਦੇ ਸਿਰ ਮੁੰਨਣ ਪਿੱਛੋਂ ਰੱਖੇ। [20]ਫੇਰ ਜਾਜਕ ਉਨ੍ਹਾਂ ਨੂੰ ਹਿਲਾਉਣ ਦੀ ਭੇਟ ਲਈ ਯਹੋਵਾਹ ਅੱਗੇ ਹਿਲਾਵੇ। ਏਹ ਹਿਲਾਇਆ ਹੋਇਆ ਸੀਨਾ ਅਰ ਚੁੱਕੀ ਹੋਈ ਰਾਣ ਜਾਜਕ ਲਈ ਪਵਿੱਤ੍ਰ ਹੈ ਤਾਂ ਫੇਰ ਉਹ ਨਜ਼ੀਰ ਮਧ ਪੀ ਸੱਕੇਗਾ। [21]ਏਹ ਉਸ ਨਜ਼ੀਰ ਦੀ ਬਿਵਸਥਾ ਹੈ ਜਿਹੜਾ ਸੁੱਖਣਾ ਸੁੱਖੇ ਅਤੇ ਉਸ ਦੇ ਅੱਡ ਹੋਣ ਦੇ ਕਾਰਨ ਯਹੋਵਾਹ ਲਈ ਭੇਟ ਹੈ ਨਾਲੇ ਜੋ ਕੁਝ ਉਸ ਦੇ ਹੱਥ ਲੱਗੇ ਆਪਣੀ ਸੁੱਖਣਾ ਅਨੁਸਾਰ ਜਿਹੜੀ ਉਸ ਨੇ ਸੁੱਖੀ ਹੈ ਉਹ ਓਵੇਂ ਹੀ ਆਪਣੇ ਅੱਡ ਹੋਣ ਦੀ ਬਿਵਸਥਾ ਅਨੁਸਾਰ ਕਰੇ।**

**ਆਇਤਾਂ 13, 14. ਨਜ਼ੀਰ ਲਈ ਬਿਵਸਥਾ** ਬਾਰੇ ਬੰਦ ਦਾ ਤੀਜਾ ਭਾਗ ਉਸ ਦਾ ਵੇਰਵਾ ਦਿੰਦਾ ਹੈ ਜੋ ਉਸ ਸਮੇਂ ਕੀਤਾ ਜਾਣਾ ਸੀ **ਜਿਸ ਦਿਨ ਉਸ** [ਨਜ਼ੀਰ] **ਦੇ ਅੱਡ ਹੋਣ ਦੇ ਦਿਨ ਪੂਰੇ ਹੋ ਗਏ** ਸਨ। ਜਦੋਂ ਉਸ ਦੀ ਸੁੱਖਣਾ ਪੂਰੀ ਹੋ ਜਾਣੀ ਸੀ, ਉਸ ਨੇ **ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਬਲੀ ਲਿਆਉਣੀ** ਸੀ। **ਯਹੋਵਾਹ ਲਈ ਉਸ ਦੀ ਬਲੀ** ਵਿਚ **ਇੱਕ ਵਰਹੇ ਦਾ ਲੇਲਾ ... ਹੋਮ ਦੀ ਬਲੀ ਲਈ, ਇੱਕ ਵਰਹੇ ਦੀ ਲੇਲੀ ... ਪਾਪ ਦੀ ਬਲੀ ਲਈ ਅਤੇ ਇਕ ਛੱਤ੍ਰਾ ... ਸੁੱਖ ਸਾਂਦ ਦੀ ਬਲੀ** ਲਈ ਸ਼ਾਮਲ ਸਨ। ਇਨ੍ਹਾਂ ਜਾਨਵਰਾਂ ਨੂੰ ਪਰਮੇਸ਼ੁਰ ਦੇ ਅੱਗੇ ਸਵੀਕਾਰਯੋਗ ਬਣਨ ਦੇ ਲਈ **ਬੱਜ ਤੋਂ ਰਹਿਤ** ਹੋਣਾ ਚਾਹੀਦਾ ਸੀ।

**ਆਇਤ 15.** ਇਹ ਬਲੀਆਂ ਉਚਿਤ ਅਨਾਜ ਅਤੇ ਪੀਣ ਦੀਆਂ ਬਲੀਆਂ ਦੇ ਨਾਲ ਚੜ੍ਹਾਈਆਂ ਜਾਣੀਆਂ ਚਾਹੀਦੀਆਂ ਸਨ: **ਪਤੀਰੀਆਂ ਰੋਟੀਆਂ ਦਾ ਛਾਬਾ ਅਤੇ ਮੈਦੇ ਦੇ ਫੁਲਕੇ ਤੇਲ ਨਾਲ ਚੋਪੜੇ ਹੋਏ ਅਤੇ ਪਤੀਰੀਆਂ ਮੱਠੀਆਂ ਤੇਲ ਨਾਲ ਚੋਪੜੀਆਂ ਹੋਈਆਂ ਉਨ੍ਹਾਂ ਦੇ ਮੈਦੇ ਦੀ ਭੇਟ ਅਤੇ ਪੀਣ ਦੀਆਂ ਭੇਟਾਂ।**

**ਆਇਤਾਂ 16-18. ਪਾਪ ਦੀ ਬਲੀ** ਅਤੇ **ਹੋਮ ਦੀ ਬਲੀ** ਲਈ ਚੀਜ਼ਾਂ ਜਾਜਕ ਨੂੰ ਦਿੱਤੀਆਂ ਜਾਣਗੀਆਂ, ਜਿਸ ਨੇ **ਉਨ੍ਹਾਂ ਨੂੰ ਪਤੀਰੀਆਂ ਰੋਟੀਆਂ** ਦੇ ਨਾਲ **ਯਹੋਵਾਹ ਨੂੰ ਚੜ੍ਹਾਉਣਾ** ਸੀ। ਨਜ਼ੀਰ ਨੇ **ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ... ਆਪਣਾ ਸਿਰ ਵੀ ਮੁਨਵਾਉਣਾ** ਸੀ। ਇਹ **ਅੱਡ ਹੋਣ ਦੇ ਬਾਲ ਸੁੱਖ ਸਾਂਦ ਦੀ ਬਲੀ ਹੇਠ ਅੱਗ ਵਿੱਚ** ਸੁੱਟੇ ਜਾਣਗੇ। ਪੁਰਾਤਨ ਸੰਸਾਰ ਵਿਚ ਈਸ਼ਵਰ ਦੇ ਅੱਗੇ ਅੱਡ ਹੋਣ ਦੇ ਬਾਲ ਚੜ੍ਹਾਉਣਾ ਅਸਧਾਰਣ ਨਹੀਂ ਸੀ। ਆਰ. ਡੈਨਿਸ ਕੋਲ ਨੇ ਦੋ ਸਮਾਨਾਂਤਰ ਉਦਾਹਰਣਾਂ ਦਾ ਹਵਾਲਾ ਦਿੱਤਾ ਹੈ:

> ਨੌਵੀਂ ਸਦੀ ਈ.ਪੂ. ਵਿਚ, ਸਾਈਪ੍ਰੀਓਟ ਬੌਲ ਸ਼ਿਲਾਲੇਖ, ਇਕ ਵਿਅਕਤੀ ਦੇ ਵਾਲ ਆਸਟਾਰਟ ਦੇ ਅੱਗੇ ਇਕ ਯਾਦਗਾਰੀ ਭੇਟ ਦੇ ਰੂਪ ਵਿਚ ਚੜ੍ਹਾਏ ਗਏ ਸਨ। ਯੂਨਾਨੀ ਯੁੱਗ ਵਿਚ ਮੰਦਿਰ ਦੀ ਮੁਰੰਮਤ ਅਤੇ ਦੁਬਾਰਾ ਤੋਂ ਅਰਪਨ ਕਰਨ ਦੀ ਰਸਮ ਵਿਚ, ਰਾਜੇ ਦੇ ਵਾਲਾਂ ਨੂੰ ਕੱਟਿਆ ਗਿਆ ਅਤੇ ਇਕ ਵਿਸ਼ੇਸ਼ ਮੰਨਤ ਵਾਲੇ ਭਾਂਡੇ ਵਿਚ ਸਥਾਨਕ ਦੇਵਤਾ ਦੇ ਅੱਗੇ ਇਕ ਭੇਟ ਦੇ ਰੂਪ ਵਿਚ ਚੜ੍ਹਾਇਆ ਗਿਆ ਸੀ।[3]

**ਆਇਤਾਂ 19, 20.** ਜਾਜਕ ਨੂੰ ਚੜ੍ਹਾਈ ਗਈ ਭੇਟ ਦਾ ਇਕ ਹਿੱਸਾ ਖਾਣ ਦਾ ਵਿਸ਼ੇਸ਼

ਅਧਿਕਾਰ ਮਿਲਿਆ ਸੀ। **ਛੱਤ੍ਰੇ ਦਾ ਮੋਢਾ ਉਬਾਲਣ** ਤੋਂ ਬਾਅਦ ਅਤੇ ਨਜ਼ੀਰ ਦੇ **ਅੱਡ ਹੋਣ ਦੇ ਸਿਰ ਮੁੰਨਣ** ਪਿੱਛੋਂ, ਜਾਜਕ ਨੇ **ਛਾਬੇ ਵਿੱਚੋਂ ਇੱਕ ਪਤੀਰਾ ਫੁਲਕਾ ਅਤੇ ਇੱਕ ਪਤੀਰੀ ਮੱਠੀ ਲੈ ਕੇ ਨਜ਼ੀਰ ਦੇ ਹੱਥਾਂ ਉੱਤੇ ... ਰੱਖਣੀ** ਸੀ। ਇਸ ਤੋਂ ਬਾਅਦ, ਜਾਜਕ ਨੇ ਉਨ੍ਹਾਂ ਨੂੰ **ਹਿਲਾਉਣ ਦੀ ਭੇਟ ਲਈ ਯਹੋਵਾਹ ਅੱਗੇ ਹਿਲਾਉਣਾ** ਸੀ। **ਏਹ ਹਿਲਾਇਆ ਹੋਇਆ ਸੀਨਾ ਅਰ ਚੁੱਕੀ ਹੋਈ ਰਾਣ ਜਾਜਕ ਲਈ ਪਵਿੱਤ੍ਰ** ਸੀ। "ਹਿਲਾਉਣ ਦੀ ਭੇਟ" ਦੀ ਥਾਂ ਤੇ ਕੁਝ ਅਨੁਵਾਦਾਂ ਵਿਚ "ਉਚਾਈ ਦੀ ਭੇਟ" (NRSV; NJPSV) ਹੈ। ਇਕ ਪਾਸੇ ਤੋਂ ਦੂਜੇ ਪਾਸੇ ਨੂੰ ਬਲੀ ਨੂੰ ਹਿਲਾਉਣ ਦੀ ਬਜਾਇ, ਸੰਭਵ ਤੌਰ ਤੇ ਜਾਜਕ ਇਸ ਨੂੰ ਜਗਵੇਦੀ ਦੀ ਵੱਲ ਉੱਪਰ ਨੂੰ ਚੁੱਕਦਾ ਸੀ, ਪ੍ਰਤੀਕਾਤਮਕ ਰੂਪ ਵਿਚ ਇਸ ਨੂੰ ਪਰਮੇਸ਼ੁਰ ਅੱਗੇ ਅਰਪਨ ਕਰਦਾ ਸੀ ਅਤੇ ਫਿਰ ਆਪਣੇ ਲਈ ਇਸ ਨੂੰ ਵਾਪਸ ਲੈ ਆਉਂਦਾ ਸੀ।[4]

ਨਜ਼ੀਰ ਦੀ ਸੁੱਖਣਾਂ ਨੂੰ ਪੂਰਾ ਕਰਨ ਦੇ ਲਈ ਜਿਨ੍ਹਾਂ ਬਲੀਆਂ ਦੀ ਲੋੜ ਸੀ ਕਾਫੀ ਮਹਿੰਗੀਆਂ ਹੋਣਗੀਆਂ। ਕਈ ਵਾਰ ਅਮੀਰ ਲੋਕ ਉਨ੍ਹਾਂ ਗਰੀਬਾਂ ਦਾ ਖਰਚਾ ਉਠਾਉਂਦੇ ਸਨ ਜਿਨ੍ਹਾਂ ਨੇ ਸੁੱਖਣਾ ਸੁੱਖੀ ਹੁੰਦੀ ਸੀ। ਇਸ ਰਸਮ ਤੋਂ ਬਾਅਦ, **ਨਜ਼ੀਰ** ਨੂੰ **ਮਧ ਪੀਣ** ਦੀ ਇਜਾਜ਼ਤ ਸੀ।

**ਆਇਤ 21.** ਨਜ਼ੀਰ ਸੰਬੰਧੀ ਲਿਖਤ ਇਕ ਸਾਰ ਕਥਨ ਨਾਲ ਖਤਮ ਹੁੰਦੀ ਹੈ: **ਏਹ ਉਸ ਨਜ਼ੀਰ ਦੀ ਬਿਵਸਥਾ ਹੈ ਜਿਹੜਾ ਸੁੱਖਣਾ ਸੁੱਖੇ ਅਤੇ ਉਸ ਦੇ ਅੱਡ ਹੋਣ ਦੇ ਕਾਰਨ ਯਹੋਵਾਹ ਲਈ ਭੇਟ ਹੈ ਨਾਲੇ ਜੋ ਕੁਝ ਉਸ ਦੇ ਹੱਥ ਲੱਗੇ ਆਪਣੀ ਸੁੱਖਣਾ ਅਨੁਸਾਰ ਜਿਹੜੀ ਉਸ ਨੇ ਸੁੱਖੀ ਹੈ ਉਹ ਓਵੇਂ ਹੀ ਆਪਣੇ ਅੱਡ ਹੋਣ ਦੀ ਬਿਵਸਥਾ ਅਨੁਸਾਰ ਕਰੇ। ਕੁਝ ਉਸ ਦੇ ਹੱਥ ਲੱਗੇ** ਵਾਕ ਦੱਸਦਾ ਹੈ ਕਿ ਨਜ਼ੀਰ ਉਨ੍ਹਾਂ ਬਲੀਆਂ ਤੋਂ ਇਲਾਵਾ ਜਿਨ੍ਹਾਂ ਦੀ ਬਿਵਸਥਾ ਮੰਗ ਕਰਦੀ ਸੀ ਹੋਰ ਬਲੀਆਂ ਵੀ ਲਿਆ ਸਕਦਾ ਸੀ ਅਤੇ ਅਕਸਰ ਲਿਆਉਂਦਾ ਸੀ।

ਵਚਨ ਵਿਚ ਨਜ਼ੀਰਾਂ ਬਾਰੇ ਥੋੜ੍ਹਾ ਬਹੁਤ ਹੋਰ ਕਿਹਾ ਗਿਆ ਹੈ। ਇਹ ਕਿ ਨਜ਼ੀਰ ਹੁੰਦੇ ਸਨ ਯਿਰਮਿਯਾਹ ਦਾ ਵਿਰਲਾਪ 4:7 (KJV) ਅਤੇ ਆਮੋਸ 2:11, 12 ਵਿਚ ਉਨ੍ਹਾਂ ਦੇ ਬਾਰੇ ਦਿੱਤੇ ਗਏ ਹਵਾਲਿਆਂ ਤੋਂ ਸਪੱਸ਼ਟ ਹੈ। ਨਿਯਮ ਇਹ ਸੀ ਕਿ ਇਕ ਵਿਅਕਤੀ ਆਪਣੇ ਆਪ ਲਈ ਇਕ ਸੁੱਖਣਾ ਸੁੱਖ ਕੇ ਨਜ਼ੀਰ ਬਣਦਾ ਸੀ ਜੋ ਉਸ ਨੂੰ ਸਿਰਫ ਇਕ ਨਿਸ਼ਚਤ ਸਮੇਂ ਦੇ ਲਈ ਅੱਡ ਕਰਦਾ ਸੀ। ਉਹ ਨਿਸ਼ਚਤ ਸਮਾਂ ਇੰਨਾ ਕੁ ਲੰਮਾ ਹੋਣਾ ਚਾਹੀਦਾ ਸੀ ਕਿ ਉਸ ਦੇ ਨਾ ਮੁੰਨੇ ਹੋਏ ਵਾਲਾਂ ਨੂੰ ਲੋਕ ਵੇਖ ਸਕਣ। ਰੱਬੀਆਂ ਦੇ ਅਨੁਸਾਰ, ਨਜ਼ੀਰ ਦੇ ਤੌਰ ਤੇ ਆਪਣੇ ਆਪ ਨੂੰ ਅੱਡ ਕਰਨ ਦੇ ਲਈ ਜੋ ਘੱਟੋ-ਘੱਟ ਸਮਾਂ ਸੀ ਉਹ ਤੀਹ ਦਿਨਾਂ ਦਾ ਸੀ,[5] ਪਰ ਇਕ ਵਿਅਕਤੀ ਉਸ ਦੇ ਮਾਤਾ-ਪਿਤਾ ਦੁਆਰਾ ਸੁੱਖੀ ਗਈ ਸੁੱਖਣਾ ਦੇ ਰਾਹੀਂ ਜ਼ਿੰਦਗੀਭਰ ਦੇ ਲਈ ਵੀ ਨਜ਼ੀਰ ਬਣ ਸਕਦਾ ਸੀ। ਸਮਸੂਨ ਬਾਰੇ ਕਿਹਾ ਜਾਂਦਾ ਹੈ ਕਿ ਉਹ ਜਨਮ ਤੋਂ ਹੀ ਨਜ਼ੀਰ ਸੀ (ਨਿਆਈਆਂ 13:4, 5, 7; 16:17), ਹਾਲਾਂਕਿ ਉਹ ਨਜ਼ੀਰ ਹੋਣ ਦੀ ਸੁੱਖਣਾ ਦੀਆਂ ਸ਼ਰਤਾਂ ਤੇ ਖਰਾ ਨਹੀਂ ਸੀ ਉੱਤਰਿਆ। ਉਸ ਨੇ ਬਬਰ ਸ਼ੇਰ ਦੀ ਲੋਥ ਦੇ ਸੰਪਰਕ ਵਿਚ ਆ ਕੇ, ਫਲਿਸਤੀਆਂ ਨਾਲ ਪੀਣ ਦੇ ਪਰਬਾਂ ਵਿਚ ਸ਼ਾਮਲ ਹੋ ਕੇ ਅਤੇ ਦਲੀਲਾਹ ਦੇ ਕਹਿਣ ਤੇ ਆਪਣੇ ਵਾਲਾਂ ਨੂੰ ਮੁਨਵਾ ਕੇ ਆਪਣੀਆਂ ਸੁੱਖਣਾਂ ਨੂੰ ਤੋੜ ਦਿੱਤਾ ਸੀ (ਨਿਆਈਆਂ 14:8-10; 16:15-22)। ਇਕ ਨਜ਼ੀਰ ਹੋਣ ਸੰਬੰਧੀ ਨਿਯਮਾਂ ਦਾ ਪਾਲਣ ਨਾ ਕਰਨ ਦੀ ਉਸ ਦੀ ਅਸਫ਼ਲਤਾ ਹੈਰਾਨ ਕਰ ਦੇਣ ਵਾਲੀ ਨਹੀਂ ਹੈ, ਕਿਉਂਕਿ ਨਿਆਈਆਂ ਦੇ ਸਮੇਂ ਦੌਰਾਨ ਮੂਸਾ ਦੀ ਸ਼ਰਾ ਦੀ ਪਾਲਨਾ ਘੱਟ ਅਤੇ ਇਸ ਨੂੰ ਤੋੜਿਆ ਜ਼ਿਆਦਾ ਵਾਰ ਗਿਆ ਸੀ।

ਕਿਉਂਕਿ ਉਨ੍ਹਾਂ ਨੂੰ ਜਨਮ ਤੋਂ ਹੀ ਯਹੋਵਾਹ ਦੇ ਲਈ ਅਰਪਨ ਕੀਤਾ ਗਿਆ ਸੀ, ਸਮਝਿਆ ਜਾਂਦਾ ਹੈ ਕਿ ਸਮੂਏਲ ਅਤੇ ਯੂਹੰਨਾ ਬਪਤਿਸਮਾ ਦੇਣ ਵਾਲਾ ਵੀ ਨਜ਼ੀਰ ਸਨ।[6] ਸਮੂਏਲ ਨੇ ਉਸ ਦੇ ਵਾਲਾਂ ਤੇ ਉਸਤਰਾ ਨਹੀਂ ਸੀ ਫੇਰਨਾ (1 ਸਮੂਏਲ 1:11) ਅਤੇ ਯੂਹੰਨਾ ਨੇ ਮੈ ਜਾਂ ਮਧ ਨਹੀਂ

ਸੀ ਪੀਣੀ (ਲੂਕਾ 1:15)। ਕਈ ਵਾਰ ਸਮਝਿਆ ਜਾਂਦਾ ਹੈ ਕਿ ਆਨਾ ਨੇ ਨਜ਼ੀਰ ਦੀ ਸੁੱਖਣਾ ਸੁੱਖੀ ਸੀ (ਲੂਕਾ 2:36-38)। ਪਰਤੱਖ ਰੂਪ ਵਿਚ ਪੌਲੁਸ ਨੇ ਆਪਣੀ ਦੂਜੀ ਮਿਸ਼ਨਰੀ ਯਾਤਰਾ ਦੌਰਾਨ ਅਜਿਹੀ ਸੁੱਖਣਾ ਸੁੱਖੀ ਸੀ (ਰਸੂਲਾਂ ਦੇ ਕਰਤੱਬ 18:18)। ਅਕਸਰ ਇਹ ਕਲਪਨਾ ਕੀਤੀ ਜਾਂਦੀ ਹੈ ਕਿ ਚਾਰ ਯਹੂਦੀ ਮਸੀਹੀਆਂ ਦੀਆਂ ਮੰਨਤਾਂ ਜਿਨ੍ਹਾਂ ਬਾਰੇ ਰਸੂਲਾਂ ਦੇ ਕਰਤੱਬ 21:22-26 ਵਿਚ ਗੱਲ ਕੀਤੀ ਗਈ ਹੈ ਨਜ਼ੀਰ ਦੀਆਂ ਸੁੱਖਣਾਂ ਸਨ।

ਬਿਵਸਥਾ ਵਿਚ ਨਜ਼ੀਰ ਦੀ ਸੁੱਖਣਾ ਸੰਬੰਧੀ ਬਿਧੀਆਂ ਨੂੰ ਸ਼ਾਮਲ ਕਰਨ ਦੁਆਰਾ ਪਰਮੇਸ਼ੁਰ ਆਪਣੀ ਪ੍ਰਵਾਨਗੀ ਦਾ ਸੰਕੇਤ ਕਿਉਂ ਦਿੰਦਾ ਹੈ? ਨਜ਼ੀਰ ਕਿਹੜੇ ਉਦੇਸ਼ ਨੂੰ ਪੂਰਾ ਕਰਦੇ ਸਨ? ਸ਼ਾਇਦ ਸੁੱਖਣਾ ਸੁੱਖਣ ਦੀ ਅਤੇ ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਅਰਪਨ ਕਰਨ ਦੀ ਇੱਛਾ ਮਨੁੱਖ ਦੇ ਲਈ ਕੁਦਰਤੀ ਹੈ ਅਤੇ ਇਹ ਬਿਧੀਆਂ ਬਸ ਉਸ ਇੱਛਾ ਨੂੰ ਪਛਾਣਦੀਆਂ ਅਤੇ ਇਸ ਨੂੰ ਲਾਗੂ ਕਰਦੀਆਂ ਹਨ। ਹੋ ਸਕਦਾ ਹੈ ਕਿ ਅੱਡ ਕਰਨ ਦੇ ਉਨ੍ਹਾਂ ਦੇ ਸਮੇਂ ਦੌਰਾਨ, ਨਜ਼ੀਰ ਆਪਣੇ ਆਪ ਨੂੰ ਇਕ ਖ਼ਾਸ ਤਰੀਕੇ ਨਾਲ ਪਰਮੇਸ਼ੁਰ ਦੇ ਸੇਵਾ ਦੇ ਲਈ ਅਰਪਨ ਕਰਦੇ ਸਨ। ਸਮਸੂਨ, ਸਮੂਏਲ ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਉਦਾਹਰਣ, ਸ਼ਾਇਦ ਆਨਾ, ਪੌਲੁਸ ਅਤੇ ਰਸੂਲਾਂ ਦੇ ਕਰਤੱਬ 21 ਵਿਚ ਚਾਰ ਯਹੂਦੀ ਮਸੀਹੀਆਂ ਦਾ ਉਦਾਹਰਣ ਵੀ ਇਸ ਵਿਚਾਰ ਦਾ ਸਮਰਥਨ ਕਰ ਸਕਦਾ ਹੈ। ਇਕ ਹੋਰ ਸੰਭਾਵਨਾ ਇਹ ਹੈ ਕਿ ਪਰਮੇਸ਼ੁਰ ਚਾਹੁੰਦਾ ਸੀ ਕਿ ਨਜ਼ੀਰ ਉਸ ਕਿਸਮ ਦੇ ਅੱਡਪੁਣੇ ਦੀਆਂ ਜੀਉਂਦੀਆਂ ਉਦਾਹਰਣਾਂ ਦੇ ਤੌਰ ਤੇ ਕੰਮ ਕਰਨ ਜਿਸ ਦੀ ਉਮੀਦ ਪਰਮੇਸ਼ੁਰ ਨੇ ਇਸਰਾਏਲੀਆਂ ਤੋਂ ਕੀਤੀ ਸੀ। ਨਜ਼ੀਰ ਬਾਕੀ ਦੇ ਲੋਕਾਂ ਨੂੰ ਉਨ੍ਹਾਂ ਪਵਿੱਤਰਤਾਈ ਦੇ ਸਿਧਾਂਤਾਂ ਨੂੰ ਲਾਗੂ ਕਰਨ ਵਿਚ ਪ੍ਰੇਰਣਾ ਦੇਣ ਵਿਚ ਮਦਦ ਕਰ ਸਕਦੇ ਸਨ ਜੋ ਸਮੁੱਚੇ ਸਮਾਜ ਨੂੰ ਪਰਮੇਸ਼ੁਰ ਦੀ ਪਵਿੱਤ੍ਰ ਕੌਮ ਬਣਾ ਦੇਣਗੇ।

## ਹਾਰੂਨ ਦੀ ਅਸੀਸ (6:22-27)

**[22]ਫੇਰ ਯਹੋਵਾਹ ਮੂਸਾ ਨੂੰ ਬੋਲਿਆ, [23]ਹਾਰੂਨ ਅਰ ਉਸ ਦੇ ਪੁੱਤ੍ਰਾਂ ਨੂੰ ਬੋਲ ਕਿ ਤੁਸੀਂ ਇਉਂ ਇਸਰਾਏਲੀਆਂ ਨੂੰ ਅਸੀਸ ਦੇ ਕੇ ਆਖਿਓ, [24]"ਯਹੋਵਾਹ ਤੈਨੂੰ ਬਰਕਤ ਦੇਵੇ ਅਤੇ ਤੇਰੀ ਰਾਖੀ ਕਰੇ, [25]ਯਹੋਵਾਹ ਆਪਣੇ ਮੁਖੜੇ ਨੂੰ ਤੇਰੇ ਉੱਤੇ ਚਮਕਾਵੇ ਅਤੇ ਉਹ ਤੇਰੇ ਉੱਤੇ ਦਯਾ ਕਰੇ। [26]ਯਹੋਵਾਹ ਆਪਣਾ ਮੁਖੜਾ ਤੇਰੀ ਵੱਲ ਫੇਰੇ ਅਤੇ ਤੈਨੂੰ ਸ਼ਾਂਤੀ ਦੇਵੇ।" [27]ਇਉਂ ਓਹ ਮੇਰਾ ਨਾਮ ਇਸਰਾਏਲੀਆਂ ਉੱਤੇ ਰੱਖਣ ਅਤੇ ਮੈਂ ਉਨ੍ਹਾਂ ਨੂੰ ਬਰਕਤ ਦਿਆਂਗਾ।**

ਨਜ਼ੀਰਾਂ ਸੰਬੰਧੀ ਨੀਤੀ ਤੋਂ ਬਾਅਦ ਉਹ ਪੈਰ੍ਹਾ ਆਉਂਦਾ ਹੈ ਜਿਸ ਵਿਚ ਉਹ ਹੈ ਜਿਸ ਨੂੰ ਅਕਸਰ "ਜਾਜਕ ਦੀ ਅਸੀਸ" ਜਾਂ "ਹਾਰੂਨ ਦੀ ਅਸੀਸ" ਕਿਹਾ ਜਾਂਦਾ ਹੈ।[7] ਪੁਸਤਕ ਵਿਚ ਇਸ ਥਾਂ ਤੇ ਹੀ ਇਹ ਅਸੀਸ ਕਿਉਂ ਪਾਈ ਜਾਂਦੀ ਹੈ? ਹਾਲਾਂਕਿ ਅਸੀਂ ਨਿਸ਼ਚਤਤਾ ਨਾਲ ਇਸ ਸਵਾਲ ਦਾ ਜਵਾਬ ਨਹੀਂ ਦੇ ਸਕਦੇ, ਇਹ ਉਸ ਬੰਦ ਦਾ ਇਕ ਉਚਿਤ ਸਿੱਟਾ ਪ੍ਰਤੀਤ ਹੁੰਦਾ ਹੈ ਜਿਹੜਾ ਸ਼ੁੱਧਤਾ ਜਾਂ ਪਵਿੱਤਰਤਾਈ ਦੇ ਵਿਸ਼ੇ ਨੂੰ ਸਮਰਪਿਤ ਕੀਤਾ ਗਿਆ ਸੀ (ਅਧਿਆਇ 5; 6)। ਸ਼ਾਇਦ ਇਸ ਦਾ ਅਰਥ ਇਹ ਹੈ ਕਿ ਜੇਕਰ ਇਸਰਾਏਲੀ "ਪਵਿੱਤ੍ਰ ਕੌਮ" ਦੇ ਰੂਪ ਵਿਚ ਇਸ ਦੀ ਭੂਮਿਕਾ ਨੂੰ ਨਿਭਾਉਂਦੇ ਹਨ, ਲੋਕ ਪਰਮੇਸ਼ੁਰ ਕੋਲੋਂ ਬਰਕਤ ਪਾਉਣਗੇ। ਇਸ ਤੋਂ ਇਲਾਵਾ, ਪੁਸਤਕ ਦੇ ਅਗਲੇ ਤਿੰਨ ਅਧਿਆਇ ਇਕ ਹੋਰ ਵਿਸ਼ੇ ਵੱਲ ਆਪਣਾ ਰੁਖ ਮੋੜ ਲੈਂਦੇ ਹਨ: ਡੇਹਰੇ ਦਾ ਸੰਪੂਰਣ ਹੋਣਾ ਅਤੇ ਉਸ ਮਹੱਤਵਪੂਰਣ ਮੌਕੇ ਨਾਲ ਜੁੜੀਆਂ ਘਟਨਾਵਾਂ। ਇਸ ਲਈ ਜਾਜਕ ਦੀ ਅਸੀਸ ਪੁਸਤਕ ਦੇ ਇਕ ਭਾਗ ਦੇ ਅੰਤ ਵੱਲ ਇਸ਼ਾਰਾ ਕਰਦੀ ਹੈ ਇਸ ਤੋਂ ਪਹਿਲਾਂ ਕਿ ਇਹ ਹੋਰ ਭਾਗ ਸ਼ੁਰੂ ਹੋਵੇ।

ਜਿਵੇਂ ਕਿ NASB ਬਾਈਬਲ ਅਤੇ ਹੋਰ ਅੰਗ੍ਰੇਜ਼ੀ ਅਨੁਵਾਦਾਂ ਵਿਚ ਸੰਕੇਤ ਦਿੱਤਾ ਗਿਆ ਹੈ, ਇਹ ਅਸੀਸ ਇਕ ਕਵਿਤਾ ਦੇ ਰੂਪ ਵਿਚ ਲਿਖੀ ਗਈ ਹੈ (6:24-26)। ਕਵਿਤਾ ਵਿਚ ਤਿੰਨ ਕਥਨ ਹਨ ਅਤੇ ਹਰ ਇਕ ਕਥਨ "ਯਹੋਵਾਹ" (יהוה, *YHWH*, ਜਾਂ "ਯਾਹਵੇਹ," ਪਰਮੇਸ਼ੁਰ ਦਾ ਨਿੱਜੀ ਨਾਮ) ਨਾਲ ਸ਼ੁਰੂ ਹੁੰਦਾ ਹੈ ਅਤੇ ਫਿਰ ਆਖਦਾ ਹੈ ਕਿ ਉਹ ਇਸਰਾਏਲੀਆਂ ਦੇ ਪ੍ਰਤੀ ਕਿਰਪਾ ਵਿਖਾਵੇ ("ਬਰਕਤ ਦੇਵੇ," "ਆਪਣੇ ਮੁਖੜੇ ਨੂੰ ਤੇਰੇ ਉੱਤੇ ਚਮਕਾਵੇ," "ਆਪਣਾ ਮੁਖੜਾ ਤੇਰੀ ਵੱਲ ਫੇਰੇ")। ਹਰ ਕਥਨ ਉਸ ਕਿਰਪਾ ਤੋਂ ਉਮੀਦ ਕੀਤੇ ਗਏ ਨਤੀਜਿਆਂ ਦੀ ਬੇਨਤੀ ਕਰਦਾ ਹੈ ("ਤੇਰੀ ਰਾਖੀ ਕਰੇ," "ਤੇਰੇ ਉੱਤੇ ਦਯਾ ਕਰੇ" ਅਤੇ "ਤੈਨੂੰ ਸ਼ਾਂਤੀ ਦੇਵੇ")। "ਬਰਕਤ ਦੇਵੇ" ਅਤੇ "ਇਸਰਾਏਲੀਆਂ" ਸ਼ਬਦ ਅਸੀਸ ਤੋਂ ਪਹਿਲਾਂ ਅਤੇ ਬਾਅਦ ਵਿਚ ਆਉਂਦੇ ਹਨ (6:23, 27)।

ਸਪੱਸ਼ਟ ਤੌਰ ਤੇ, ਕਵਿਤਾ ਵਿਸਤ੍ਰਿਤ ਇਬਰਾਨੀ ਸਮਾਨਤਾ ਦੀ ਵਰਤੋਂ ਕਰਦੀ ਹੈ; ਤਿੰਨ ਸਤਰਾਂ ਦੇ ਅਨੁਸਾਰੀ ਹਿੱਸੇ ਸਮਾਨਾਰਥੀ ਹਨ (ਜਾਂ ਲਗਭਗ ਇਸ ਤਰ੍ਹਾਂ ਦੇ ਹਨ) ਅਤੇ ਇਕ ਦੂਜੇ ਦਾ ਉਦਾਹਰਣ ਦੇਣ ਜਾਂ ਵਿਆਖਿਆ ਕਰਨ ਦਾ ਕੰਮ ਕਰਦੇ ਹਨ। ਪੂਰੀ ਕਵਿਤਾ ਇਹ ਸਿੱਖਿਆ ਦਿੰਦੀ ਹੈ ਕਿ ਇਸਰਾਏਲੀ ਇਹ ਜਾਣਨ ਵਿਚ ਹੀ ਸੁਖਦ ਮਹਿਸੂਸ ਕਰ ਸਕਦੇ ਸਨ ਪਰਮੇਸ਼ੁਰ ਆਪਣੀ ਪਰਜਾ ਨੂੰ "ਬਰਕਤ" ਦੇਵੇਗਾ। ਰਵਾਇਤ ਦੇ ਅਨੁਸਾਰ, ਅਸੀਸ ਦੇ ਲਈ ਪ੍ਰਾਰਥਨਾ ਨੂੰ ਰੋਜ਼ਾਨਾ ਦੁਹਰਾਇਆ ਜਾਂਦਾ ਸੀ; ਇਹ ਦੁਹਰਾਉਣਾ ਨਿੱਤ ਇਸਰਾਏਲੀਆਂ ਨੂੰ ਇਹ ਯਾਦ ਕਰਾਉਣ ਦਾ ਕੰਮ ਕਰਦਾ ਸੀ ਕਿ ਉਹ ਪਰਮੇਸ਼ੁਰ ਦੀ ਪਰਜਾ ਸਨ, ਉਨ੍ਹਾਂ ਦੀਆਂ ਸਾਰੀਆਂ ਜਰੂਰਤਾਂ ਨੂੰ ਪੂਰਾ ਕਰਨ ਦੇ ਲਈ ਉਸ ਤੇ ਨਿਰਭਰ ਸਨ। ਜਦੋਂ ਇਸਰਾਏਲੀਆਂ ਨੇ ਵਾਅਦੇ ਦੀ ਧਰਤੀ ਵੱਲ ਨੂੰ ਸੀਨਈ ਤੋਂ ਕੂਚ ਕਰਨ ਦੀ ਤਿਆਰੀ ਕੀਤੀ, ਉਨ੍ਹਾਂ ਨੂੰ ਪਰਮੇਸ਼ੁਰ ਦੀਆਂ ਬਰਕਤਾਂ ਦੇ ਭਰੋਸੇ ਦੀ ਲੋੜ ਸੀ ਜੋ ਜਾਜਕ ਦੀ ਪ੍ਰਾਰਥਨਾ ਮੁਹੱਈਆ ਕਰਾਉਂਦੀ ਸੀ।

ਇਹ ਕਵਿਤਾ ਸ਼ਾਇਦ ਗਿਣਤੀ ਦੀ ਪੁਸਤਕ ਵਿਚ ਸਭ ਤੋਂ ਪ੍ਰਸਿੱਧ ਬੰਦ ਹੈ ਅਤੇ ਇਸ ਦੀ ਭਾਸ਼ਾ ਦਾ ਜ਼ਬੂਰਾਂ ਵਿਚ ਸਮਰਥਨ ਕੀਤਾ ਗਿਆ ਹੈ (ਵੇਖੋ ਜ਼ਬੂਰਾਂ 67; 121)। ਕਵਿਤਾ ਦੇ ਸ਼ਬਦ ਸਭ ਤੋਂ ਪੁਰਾਣੇ ਪੁਰਾਣੇ ਨੇਮ ਦੀਆਂ ਲਿਖਤਾਂ ਵਿਚ ਲਿਖੇ ਪਾਏ ਗਏ ਸਨ ਫਿਰ ਵੀ ਉਨ੍ਹਾਂ ਦੀ ਖੋਜ ਕੀਤੀ ਗਈ ਸੀ। ਡੈਨਿਸ ਟੀ. ਓਲਸਨ ਨੇ ਦਲੀਲ ਦਿੱਤੀ ਕਿ ਇਹ ਪੁਰਾਤੱਤਵ ਸਬੂਤ ਜਾਜਕ ਦੀ ਪ੍ਰਾਰਥਨਾ ਦੇ ਸ਼ੁਰੂਆਤੀ ਮੁੱਢ ਦੀ ਤਸਦੀਕ ਕਰਦਾ ਹੈ:

> ਪ੍ਰਾਚੀਨ ਇਸਰਾਏਲ ਵਿਚ ਹਾਰੂਨ ਜਾਂ ਜਾਜਕ ਦੀ ਅਸੀਸ ਦੀ ਮਹੱਤਤਾ ਦੀ ਤਸਦੀਕ ਯਰੂਸ਼ਲਮ ਵਿਚ ਪਹਿਲੇ ਮੰਦਿਰ ਵਿੱਚੋਂ ਹਾਲ ਹੀ ਦੀਆਂ ਪੁਰਾਤੱਤਵ ਖੋਜਾਂ ਦੁਆਰਾ ਕੀਤੀ ਗਈ ਹੈ। ਦਫ਼ਨਾਉਣ ਵਾਲੀਆਂ ਗੁਫਾਵਾਂ ਵਿੱਚੋਂ ਦੋ ਚਾਂਦੀ ਦੇ ਸਿਲੰਡਰ ਮਿਲੇ ਸਨ ਜਿਨ੍ਹਾਂ ਦੀ ਮਿਤੀ 600 ਈ.ਪੂ.ਹੋ.; ਗਿਣਤੀ ਦੀ ਪੁਸਤਕ 6 ਵਿੱਚ ਜੋ ਅਸੀਸ ਹੈ ਉਹ ਦੋ ਚਾਂਦੀ ਦੀਆਂ ਲਪੇਟਵੀਆਂ ਪੱਤ੍ਰੀਆਂ ਉੱਤੇ ਲਿਖੀ ਗਈ ਸੀ। ਇਹ ਸ਼ੁਰੂਆਤ ਵਿਚ ਜਾਣੇ ਜਾਣ ਵਾਲੇ ਬਾਈਬਲ ਦੀ ਕਿਸੇ ਵੀ ਲਿਖਤ ਦੇ ਟੁਕੜੇ ਸਨ, ਜੋ ਕਿ ਮ੍ਰਿਤ ਸਾਗਰ ਲਪੇਟਵੀਆਂ ਪੱਤ੍ਰੀਆਂ ਤੋਂ ਬਾਈਬਲ ਦੀਆਂ ਹੱਥਲਿਖਤਾਂ ਤੋਂ ਲਗਭਗ 400 ਸਾਲ ਪਹਿਲਾਂ ਦੇ ਸਨ। ਇਹ ਪੁਰਾਤੱਤਵ ਖੋਜ ਗਿਣਤੀ ਦੀ ਪੁਸਤਕ 6 ਅਧਿਆਇ ਵਿੱਚੋਂ ਇਸਰਾਏਲ ਦੇ ਧਾਰਮਿਕ ਜੀਵਨ ਵਿਚ ਜਾਜਕ ਦੀ ਬਰਕਤ ਦੀ ਪੁਰਾਤਨਤਾ ਅਤੇ ਪ੍ਰਸਿੱਧੀ ਦੀ ਪੁਸ਼ਟੀ ਕਰਦੀ ਹੈ।[8]

**ਆਇਤਾਂ 22, 23.** ਪਰਮੇਸ਼ੁਰ ਨੇ **ਮੂਸਾ** ਨੂੰ ਪਰਧਾਨ ਜਾਜਕ **ਹਾਰੂਨ** ਅਤੇ **ਉਸ ਦੇ ਪੁੱਤ੍ਰਾਂ**, ਹੋਰ ਜਾਜਕਾਂ ਨੂੰ ਹਦਾਇਤ ਦੇਣ, **ਇਸਰਾਏਲੀਆਂ ਨੂੰ ਅਸੀਸ ਦੇਣ** ਦੇ ਲਈ ਆਖਿਆ। ਪ੍ਰਾਰਥਨਾ ਦੇ ਸ਼ਬਦ ਵਿਸ਼ੇਸ਼ ਸ਼ਬਦ ਹਨ ਜੋ ਉਨ੍ਹਾਂ ਨੇ ਲੋਕਾਂ ਉੱਤੇ ਕਹਿਣੇ ਸਨ।

**ਆਇਤ 24.** ਜਾਜਕਾਂ ਨੇ ਕਹਿਣਾ ਸੀ, **ਯਹੋਵਾਹ ਤੈਨੂੰ ਬਰਕਤ ਦੇਵੇ ਅਤੇ ਤੇਰੀ ਰਾਖੀ ਕਰੇ।**

ਹਾਲਾਂਕਿ "ਬਰਕਤ" (בָּרַךְ, *ਬਰਕ)* ਸ਼ਬਦ ਇਕ ਸਧਾਰਣ ਸ਼ਬਦ ਹੈ, ਪੁਰਾਣੇ ਨੇਮ ਦੇ ਹੋਰ ਬੰਦ ਇਸ ਦੇ ਵਿਸ਼ੇਸ਼ ਉਦਾਹਰਣ ਦਿੰਦੇ ਹਨ ਕਿ ਇਸ ਸੰਦਰਭ ਵਿਚ ਇਸ ਦਾ ਅਰਥ ਕੀ ਹੁੰਦਾ ਹੈ। ਪਰਮੇਸ਼ੁਰ ਇਸਰਾਏਲੀਆਂ ਨੂੰ ਵਾਅਦੇ ਦੇ ਦੇਸ ਵਿਚ ਬਹੁਤ ਸਾਰਾ ਭੋਜਨ ਮੁਹੱਈਆ ਕਰਵਾ ਕੇ ਉਨ੍ਹਾਂ ਨੂੰ ਬਰਕਤ ਦੇਵੇਗਾ। ਮੀਂਹ ਭੇਜਣ ਦੁਆਰਾ, ਉਹ ਉਨ੍ਹਾਂ ਨੂੰ ਉਨ੍ਹਾਂ ਦੇ ਫਲਾਂ ਵਾਲੇ ਬਿਰਛਾਂ ਅਤੇ ਅੰਗੂਰੀ ਬਾਗ ਵਿਚ ਭਰਪੂਰ ਫਲਾਂ ਦਾ ਭਰੋਸਾ ਦੇਵੇਗਾ। ਉਹ ਦੇਸ ਵਿਚ ਖੁਸ਼ਹਾਲ ਹੋਣਗੇ ਅਤੇ ਉਨ੍ਹਾਂ ਦੇ ਬਹੁਤ ਸਾਰੇ ਬੱਚੇ ਅਤੇ ਮਾਲ ਡੰਗਰ ਹੋਣਗੇ (ਲੇਵੀਆਂ 26:3-13; ਬਿਵਸਥਾ ਸਾਰ 28:2-14)। "ਰਾਖੀ" (שָׁמַר, *ਸ਼ਮਰ)* ਸ਼ਬਦ ਪਰਮੇਸ਼ੁਰ ਦੀ ਉਸ ਦੀ ਪਰਜਾ ਉੱਤੇ ਚੌਕਸ ਦੇਖਰੇਖ ਦਾ ਹਵਾਲਾ ਦਿੰਦਾ ਹੈ। ਉਹ ਇਸਰਾਏਲੀਆਂ ਦੀ ਨੁਕਸਾਨ ਤੋਂ ਰਾਖੀ ਅਤੇ ਰੱਛਿਆ ਕਰੇਗਾ, ਜਿਵੇਂ ਇਕ ਪਹਿਰੇਦਾਰ ਸ਼ਹਿਰ ਦੀ ਰਾਖੀ ਕਰਦਾ ਸੀ। ਉਹ ਉਨ੍ਹਾਂ ਨੂੰ ਜੰਗਲੀ ਜਾਨਵਰਾਂ ਤੋਂ ਬਚਾਵੇਗਾ ਅਤੇ ਯੁੱਧ ਵਿਚ ਉਨ੍ਹਾਂ ਦੇ ਵੈਰੀਆਂ ਤੇ ਉਨ੍ਹਾਂ ਨੂੰ ਜਿੱਤ ਦੇਵੇਗਾ। ਜ਼ਬੂਰ 121:7, 8 ਜੋ ਗਿਣਤੀ 6:24 ਦੀ ਭਾਸ਼ਾ ਦਾ ਸਮਰਥਨ ਕਰਦੀਆਂ ਹਨ, ਕਹਿੰਦੀਆਂ ਹਨ,

> ਯਹੋਵਾਹ ਸਾਰੀ ਬਦੀ ਤੋਂ ਤੇਰੀ ਰੱਛਿਆ ਕਰੇਗਾ,
> ਉਹ ਤੇਰੀ ਜਾਨ ਦੀ ਰੱਛਿਆ ਕਰੇਗਾ।
> ਯਹੋਵਾਹ ਤੇਰੇ ਅੰਦਰ ਬਾਹਰ ਆਉਣ ਜਾਣ ਦੀ
> ਹੁਣ ਤੋਂ ਲੈ ਕੇ ਸਦੀਪ ਕਾਲ ਤੀਕ ਰੱਛਿਆ ਕਰੇਗਾ।

**ਆਇਤ 25.** ਜਾਜਕਾਂ ਨੂੰ ਇਹ ਵੀ ਕਹਿਣ ਦੀ ਹਦਾਇਤ ਦਿੱਤੀ ਗਈ ਸੀ, **"ਯਹੋਵਾਹ ਆਪਣੇ ਮੁਖੜੇ ਨੂੰ ਤੇਰੇ ਉੱਤੇ ਚਮਕਾਵੇ ਅਤੇ ਤੇਰੇ ਉੱਤੇ ਦਯਾ ਕਰੇ।"** ਪਰਮੇਸ਼ੁਰ ਦੇ "ਮੁਖੜੇ" ਦਾ ਹਵਾਲਾ ਅਵਤਾਰਵਾਦ ਹੈ ਜੋ ਇਸਰਾਏਲ ਵਿਚ ਉਸ ਦੀ ਨੇੜਤਾ ਅਤੇ ਨਿੱਜੀ ਰੁਚੀ ਬਾਰੇ ਦੱਸਦਾ ਹੈ। ਰੂਪਕ ਨਾਲ ਮਿਲ ਕੇ ਇਹ ਵਿਚਾਰ ਬਣਦਾ ਹੈ ਕਿ ਪਰਮੇਸ਼ੁਰ ਚਾਨਣ ਹੈ (ਜ਼ਬੂਰ 27:1; ਯਸਾਯਾਹ 60:19; 1 ਯੂਹੰਨਾ 1:5; ਪਰਕਾਸ਼ ਦੀ ਪੋਥੀ 22:5); ਉਸ ਦਾ ਮੁਖੜਾ ਉਸ ਦੀ ਪਰਜਾ ਉੱਤੇ "ਚਮਕੇਗਾ" (ਜ਼ਬੂਰਾਂ 31:16; 67:1; 80:3, 7, 19)। ਜਦੋਂ ਪਰਮੇਸ਼ੁਰ ਆਪਣੀ ਪਰਜਾ ਉੱਤੇ ਮੁਸਕਰਾਉਂਦਾ ਹੈ, ਉਹ ਉਨ੍ਹਾਂ ਨੂੰ ਕਿਰਪਾ, ਛੁਟਕਾਰਾ ਅਤੇ ਸੁਰੱਖਿਆ ਦਿੰਦਾ ਹੈ।

**ਆਇਤ 26.** ਅੰਤ ਵਿਚ, ਜਾਜਕਾਂ ਨੇ ਕਹਿਣਾ ਸੀ, **"ਯਹੋਵਾਹ ਆਪਣਾ ਮੁਖੜਾ ਤੇਰੀ ਵੱਲ ਫੇਰੇ ਅਤੇ ਤੈਨੂੰ ਸ਼ਾਂਤੀ ਦੇਵੇ।"** ਇੱਥੇ "ਮੁਖੜੇ" ਲਈ ਜਿਹੜਾ ਇਬਰਾਨੀ ਸ਼ਬਦ (פָּנֶה, *ਪਨੇਹ)* ਵਰਤਿਆ ਗਿਆ ਹੈ ਉਹੀ ਸ਼ਬਦ ਹੈ ਜਿਸ ਦਾ ਆਇਤ 25 ਵਿਚ "ਮੁਖੜਾ" ਅਨੁਵਾਦ ਕੀਤਾ ਗਿਆ ਸੀ। "ਆਪਣੇ ਮੁਖੜੇ ਨੂੰ ਫੇਰਨਾ" ਜਾਂ "ਆਪਣੀਆਂ ਅੱਖਾਂ ਨੂੰ ਚੁੱਕਣਾ" ਇਕ ਮੁਹਾਵਰਾ ਹੈ ਜਿਸ ਦਾ ਅਰਥ ਹੈ "ਬੜੀ ਨਜ਼ਦੀਕੀ ਨਾਲ ਧਿਆਨ ਦੇਣਾ" (ਵੇਖੋ ਜ਼ਬੂਰਾਂ 4:6; 34:15)। ਕੁਝ ਅਨੁਵਾਦ ਜ਼ਿਆਦਾ ਵਿਆਖਿਆਤਮਕ ਹਨ: REB ਬਾਈਬਲ ਵਿਚ ਲਿਖਿਆ ਹੈ "ਨਿਮਰਤਾ ਨਾਲ ਵੇਖਣਾ," ਜਦ ਕਿ NJPSV ਬਾਈਬਲ ਵਿਚ ਲਿਖਿਆ ਹੈ "ਆਪਣੀ ਕਿਰਪਾ ਕਰਨਾ।"

ਜਾਜਕ ਦੀ ਅਸੀਸ ਦੇ ਬਾਰੇ ਆਖ਼ਰੀ ਗੱਲ "ਸ਼ਾਂਤੀ" (שָׁלוֹם, *ਸ਼ਾਲੋਮ)* ਸ਼ਬਦ ਹੈ। ਇਸ ਗੁੰਝਲਦਾਰ ਸ਼ਬਦ ਦਾ ਅਰਥ "ਨਿਰਾ ਯੁੱਧ ਦੀ ਗੈਰ-ਮੌਜੂਦਗੀ ਤੋਂ ਵੱਧ ਕੇ" ਹੈ। ਇਸ ਦੇ ਵਿਚ "ਖੁਸ਼ਹਾਲੀ," "ਤੰਦਰੁਸਤੀ," "ਸੰਪੂਰਨਤਾ" ਅਤੇ "ਸੁਰੱਖਿਆ" ਦੇ ਵਿਚਾਰ ਸ਼ਾਮਲ ਹਨ।[9] "ਸ਼ਾਂਤੀ" ਦਾ ਅਰਥ ਹੈ "ਪਰਮੇਸ਼ੁਰ ਦੇ ਲੋਕਾਂ ਲਈ ਉਸ ਦੀਆਂ ਸਾਰੀਆਂ ਚੰਗੀਆਂ ਦਾਤਾਂ ਦਾ ਕੁੱਲ ਜੋੜ।"[10]

**ਆਇਤ 27.** ਇਸਰਾਏਲੀ ਅਰਾਧਕਾਂ ਉੱਤੇ ਇਹ ਪ੍ਰਾਰਥਨਾ ਕਰਨਾ ਇਕ ਬਹੁਤ ਹੀ ਮਹੱਤਵਪੂਰਣ ਤਰੀਕਾ ਸੀ ਜਿਸ ਨਾਲ ਜਾਜਕਾਂ ਨੇ ਪਰਮੇਸ਼ੁਰ ਦੇ ਨਾਮ ਅਧੀਨ ਇਸਰਾਏਲੀਆਂ ਨੂੰ ਲਿਆਂਦਾ। **ਇਉਂ ਓਹ ਮੇਰਾ ਨਾਮ ਇਸਰਾਏਲੀਆਂ ਉੱਤੇ ਰੱਖਣ ਅਤੇ ਮੈਂ ਉਨ੍ਹਾਂ ਨੂੰ ਬਰਕਤ**

**ਦਿਆਂਗਾ।** ਜਾਜਕਾਂ ਨੇ ਪਰਮੇਸ਼ੁਰ ਦਾ ਨਾਮ ਉਸ ਦੇ ਲੋਕਾਂ ਉੱਤੇ "ਰੱਖਣਾ" (KJV; NIV; NRSV) ਸੀ। ਅਸੀਸ ਦੇ ਅੰਦਰ ਹੀ "ਯਹੋਵਾਹ" ਨੂੰ ਤਿੰਨ ਵਾਰ ਦੁਹਰਾਇਆ ਗਿਆ ਹੈ ਅਤੇ ਯਹੋਵਾਹ ਹਰ ਸਤਰ ਦੇ ਕਰਤਾ ਵਜੋਂ ਕੰਮ ਕਰਦਾ ਹੈ। ਉਹੀ ਹੈ ਜਿਹੜਾ "ਬਰਕਤ ਦੇਵੇਗਾ," "ਰਾਖੀ ਕਰੇਗਾ," "ਉੱਤੇ ਚਮਕੇਗਾ," "ਦਯਾ ਕਰੇਗਾ," "ਆਪਣੇ ਮੁਖੜੇ ਨੂੰ ਫੇਰੇਗਾ" ਅਤੇ "ਸ਼ਾਂਤੀ ਦੇਵੇਗਾ।" ਜਦੋਂ ਜਾਜਕ ਇਸਰਾਏਲੀਆਂ ਉੱਤੇ ਅਸੀਸ ਨੂੰ ਸੁਣਾਉਣਗੇ, ਪਰਮੇਸ਼ੁਰ ਉਨ੍ਹਾਂ ਨੂੰ ਸੱਚਮੁੱਚ ਬਰਕਤ ਦੇਵੇਗਾ। ਇਬਰਾਨੀ ਲਿਖਤ ਵਿਚ "ਮੈਂ" ਜ਼ੋਰਦਾਰ ਹੈ।

# ਪ੍ਰਾਸੰਗਿਕਤਾ

**ਸਾਡਾ ਸ਼ਬਦ ਕਿੰਨਾ ਚੰਗਾ ਹੈ? (6:1-8)**

ਪਰਮੇਸ਼ੁਰ ਹਮੇਸ਼ਾ ਸਾਡੇ ਸ਼ਬਦਾਂ ਬਾਰੇ ਚਿੰਤਤ ਰਿਹਾ ਹੈ ਜੋ ਅਸੀਂ ਕਹਿੰਦੇ ਹਾਂ। ਯਿਸੂ ਨੇ ਇਕ ਵਾਰ ਇਹ ਗੱਲ ਕਹੀ ਸੀ:

> ਕਿਉਂਕਿ ਜੋ ਮਨ ਵਿਚ ਭਰਿਆ ਹੋਇਆ ਹੈ ਉਹੋ ਮੂੰਹ ਉੱਤੇ ਆਉਂਦਾ ਹੈ। ਭਲਾ ਮਨੁੱਖ ਭਲੇ ਖ਼ਜ਼ਾਨੇ ਵਿੱਚੋਂ ਭਲੀਆਂ ਗੱਲਾਂ ਕੱਢਦਾ ਹੈ ਅਤੇ ਬੁਰਾ ਮਨੁੱਖ ਬੁਰੇ ਖ਼ਜ਼ਾਨੇ ਵਿੱਚੋਂ ਬੁਰੀਆਂ ਗੱਲਾਂ ਕੱਢਦਾ ਹੈ। ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਮਨੁੱਖ ਹਰੇਕ ਅਕਾਰਥ ਗੱਲ ਜੋ ਬੋਲਣ ਨਿਆਉਂ ਦੇ ਦਿਨ ਉਹ ਦਾ ਹਿਸਾਬ ਦੇਣਗੇ (ਮੱਤੀ 12:34-36).

ਪਰਮੇਸ਼ੁਰ ਖਾਸਕਰ ਉਸ ਸਮੇਂ ਚਿੰਤਤ ਸੀ ਜਦੋਂ ਲੋਕਾਂ ਦੇ ਸ਼ਬਦ ਉਸ ਸੰਬੰਧੀ ਉਸ ਦੇ ਵੱਲ ਨਿਰਦੇਸ਼ਿਤ ਸਨ ਜੋ ਉਨ੍ਹਾਂ ਨੇ ਕਹਿਣ ਜਾਂ ਕਰਨ ਦੀ ਪ੍ਰਤਿੱਗਿਆ ਕੀਤੀ ਸੀ। ਅਜਿਹੇ ਕਥਨ ਦੇ ਲਈ ਬਾਈਬਲ ਦਾ ਸ਼ਬਦ "ਸੁੱਖਣਾ" ਹੈ। ਗਿਣਤੀ 6:1-8 ਵਿਚ, ਮੂਸਾ ਨੇ ਆਮ ਇਸਰਾਏਲੀ ਦੁਆਰਾ ਸੁੱਖਣਾ ਸੁੱਖਣ ਦੇ ਸੰਬੰਧ ਵਿਚ ਲਿਖਿਆ ਸੀ। ਇਸ ਨੂੰ "ਨਜ਼ੀਰ ਦੀ ਸੁੱਖਣਾ" ਕਿਹਾ ਗਿਆ ਸੀ (6:2)। ਇਹ ਅਜ਼ਾਦ ਚੋਣ ਦਾ ਮਾਮਲਾ ਸੀ ਨਾ ਕਿ ਮੂਸਾ ਦੀ ਸ਼ਰਾ ਦਾ ਇਕ ਹੁਕਮ। ਪਰ, ਇਹ ਕਿਸੇ ਵੀ ਵਿਅਕਤੀ ਦੇ ਲਈ ਭਗਤੀ ਅਤੇ ਧਾਰਮਿਕਤਾ ਦਾ ਪਾਲਨ ਕਰਨ ਦਾ ਮੌਕਾ ਸੀ। ਇਹ ਸੁੱਖਣਾ ਸਿਰਫ ਥੋੜ੍ਹੇ ਸਮੇਂ ਦੇ ਲਈ ਸੁੱਖਣ ਵਾਲੀ ਸੁੱਖਣਾ ਸੀ।

ਪਹਾੜੀ ਉਪਦੇਸ਼ ਵਿਚ ਯਿਸੂ ਨੇ ਫ਼ਰੀਸੀਆਂ ਦੀ ਮੂਰਖਤਾ ਨੂੰ ਸੁਧਾਰਿਆ ਸੀ ਜਦੋਂ ਉਸ ਨੇ ਪਰਮੇਸ਼ੁਰ ਦੇ ਸਾਹਮਣੇ ਸੁੱਖਣਾਂ ਅਤੇ ਸੌਂਹਾਂ ਦੇ ਸਵਾਲ ਨੂੰ ਸੰਬੋਧਿਤ ਕੀਤਾ (ਮੱਤੀ 5:33-37)। ਉਹ ਸੁੱਖਣਾਂ ਸੁੱਖ ਰਹੇ ਸਨ ਅਤੇ ਉਨ੍ਹਾਂ ਨੂੰ ਹਲਕੇ ਵਿਚ ਲੈ ਰਹੇ ਸਨ। ਪਰਮੇਸ਼ੁਰ ਨੇ ਉਨ੍ਹਾਂ ਦੇ ਇਸ ਤਰ੍ਹਾਂ ਕਰਨ ਨੂੰ ਗੰਭੀਰ ਮਸਲਾ ਸਮਝਿਆ। ਉਨ੍ਹਾਂ ਵਿਅਕਤੀਆਂ ਦੇ ਉਦਾਹਰਣ ਨਵੇਂ ਨੇਮ ਵਿਚ ਵੇਖੇ ਗਏ ਹਨ ਜਿਹੜੇ ਪਰਮੇਸ਼ੁਰ ਦੇ ਪ੍ਰਤੀ ਆਪਣੇ ਸਮਰਪਣ ਵਿਚ ਗੰਭੀਰ ਸਨ। ਇਹ ਉਦਾਹਰਣ ਉਨ੍ਹਾਂ ਸੰਬੰਧੀ ਪਰਮੇਸ਼ੁਰ ਦੀ ਗੰਭੀਰਤਾ ਨੂੰ ਵੀ ਦਰਸਾਉਂਦੇ ਹਨ ਜਿਨ੍ਹਾਂ ਇਹੋ ਜਿਹੀ ਪ੍ਰਤਿੱਗਿਆ ਲਈ ਸੀ। ਰਸੂਲਾਂ ਦੇ ਕਰਤੱਬ 4:34-37 ਵਿਚ, ਯਰੂਸ਼ਲਮ ਵਿਚ ਕੁਝ ਸੰਤਾਂ ਦੁਆਰਾ ਲੋੜਵੰਦ ਭਰਾਵਾਂ ਦੇ ਲਈ ਸਵੈ-ਇੱਛੁਕ ਦਾਨ ਇਕੱਠਾ ਕੀਤਾ ਗਿਆ ਸੀ। ਪਰ, ਜਦੋਂ ਪਰਮੇਸ਼ੁਰ ਅਤੇ ਰਸੂਲਾਂ ਦੀ ਹਜ਼ੂਰੀ ਵਿਚ ਇਹ ਸਵੈ-ਇੱਛੁਕ ਪ੍ਰਤਿੱਗਿਆਵਾਂ ਕੀਤੀਆਂ ਗਈਆਂ ਸਨ, ਉਨ੍ਹਾਂ ਤੋਂ ਇਹੋ ਉਮੀਦ ਕੀਤੀ ਗਈ ਸੀ ਕਿ ਉਹ ਉਨ੍ਹਾਂ ਨੂੰ ਪੂਰਾ ਕਰਦੇ। ਝੂਠ ਬੋਲਣ ਮਗਰੋਂ ਹਨਾਨਿਯਾ ਅਤੇ ਸਫ਼ੀਰਾ ਦੀਆਂ ਮੌਤਾਂ ਇਹ ਵਿਖਾਉਂਦੀਆਂ ਹਨ ਕਿ ਪਰਮੇਸ਼ੁਰ ਉਸ ਸਵੈ-ਇੱਛੁਕ ਪ੍ਰਤਿੱਗਿਆ ਬਾਰੇ ਵੀ ਗੰਭੀਰ ਸੀ ਜਿਹੜੀ ਕੀਤੀ ਗਈ ਸੀ (ਰਸੂਲਾਂ ਦੇ ਕਰਤੱਬ 5:1-10)। ਅੱਗੇ ਚੱਲ ਕੇ ਰਸੂਲਾਂ ਦੇ ਕਰਤੱਬ ਵਿਚ, ਸੌਲੁਸ ਅਤੇ ਬਰਨਬਾਸ ਨੂੰ ਅੰਤਾਕਿਯਾ ਵਿਚ ਮਿਸ਼ਨ ਦੇ ਕੰਮ ਦੇ ਲਈ ਆਤਮਾ ਅਤੇ ਕਲੀਸੀਆ ਦੁਆਰਾ ਵੱਖਰਾ ਕੀਤਾ ਗਿਆ ਸੀ। ਪੂਰੀ ਕਲੀਸੀਆ ਨੇ ਇਸ

ਖੁਸ਼ਖ਼ਬਰੀ ਦੇ ਪਰਚਾਰ ਦੇ ਕੰਮ ਦੇ ਲਈ ਸਮਰਪਣ ਦੇ ਸਮੇਂ ਦੌਰਾਨ ਰੋਜ਼ਾ ਰੱਖ ਕੇ ਪ੍ਰਾਰਥਨਾ ਕੀਤੀ (ਰਸੂਲਾਂ ਦੇ ਕਰਤੱਬ 13:3)। ਅੱਗੇ ਚੱਲ ਕੇ ਆਪਣੀ ਸੇਵਕਾਈ ਵਿਚ, ਪੌਲੁਸ ਨੂੰ ਕੁਰਿੰਥੁਸ ਦੀ ਮੰਡਲੀ (ਕਲੀਸੀਆ) ਵਿਚ ਇਕ ਸਮੱਸਿਆ ਨੂੰ ਸੁਲਝਾਉਣਾ ਪਿਆ ਸੀ। ਕੁਝ ਵਿਵਾਹਤ ਜੋੜੇ ਲੰਮੇ ਸਮੇਂ ਤੱਕ ਇਕ ਦੂਜੇ ਤੋਂ ਅੱਡ ਹੋਣ ਦੀ ਸੁੱਖਣਾ ਸੁੱਖ ਰਹੇ ਸਨ ਅਤੇ ਵਿਵਾਹਤ ਜੀਵਨ ਸੰਬੰਧੀ ਕਈ ਮੁਸ਼ਕਲਾਂ ਖੜ੍ਹੀਆਂ ਹੋ ਰਹੀਆਂ ਸਨ (1 ਕੁਰਿੰਥੀਆਂ 7:1-5)। ਯਾਕੂਬ ਨੇ ਸੁੱਖਣਾਂ ਦੇ ਪ੍ਰਤੀ ਪਰਮੇਸ਼ੁਰ ਦੇ ਰਵੱਈਏ ਦਾ ਸਾਰਾਂਸ਼ ਦਿੱਤਾ ਸੀ। ਪਰਮੇਸ਼ੁਰ ਦੇ ਪ੍ਰਤੀ ਸਾਡੇ ਵਾਅਦੇ ਅਤੇ ਪ੍ਰਤਿੱਗਿਆਵਾਂ ਸਰਲ ਹੋਣੇ ਚਾਹੀਦੇ ਹਨ: "... ਤੁਹਾਡੀ ਹਾਂ ਦੀ ਹਾਂ ਅਤੇ ਨਾ ਦੀ ਨਾ ਹੋਵੇ ਭਈ ਤੁਸੀਂ ਸਜ਼ਾ ਹੇਠਾਂ ਨਾ ਆ ਜਾਓ" (ਯਾਕੂਬ 5:12)।

ਕੋਈ ਪੁੱਛ ਸਕਦਾ ਹੈ, "ਤਾਂ ਫਿਰ ਸਾਨੂੰ ਪਰਮੇਸ਼ੁਰ ਦੇ ਅੱਗੇ ਕਿਸ ਪ੍ਰਕਾਰ ਦੀਆਂ ਗੱਲਾਂ ਦੀ ਸੁੱਖਣਾ ਸੁੱਖਣੀ ਚਾਹੀਦੀ ਹੈ?" ਸ਼ਾਇਦ ਅਸੀਂ ਇਸ ਸਵਾਲ ਨੂੰ ਇਸ ਦੇ ਸਹੀ ਦ੍ਰਿਸ਼ਟੀਕੋਣ ਵਿਚ ਪਾ ਕੇ ਵੇਖ ਸਕਦੇ ਹਾਂ ਕਿ ਉਸ ਦੇ ਲਈ ਮੂਰਖ ਸੁੱਖਣਾ ਕੀ ਹੋਵੇਗੀ। ਉਦਾਹਰਣ ਦੇ ਲਈ, ਇਹ ਸੁੱਖਣਾ ਸੁੱਖਣਾ ਮੂਰਖਤਾ ਹੋਵੇਗਾ ਕਿ ਅਸੀਂ ਆਪਣੇ ਬਪਤਿਸਮੇ ਤੋਂ ਬਾਅਦ ਜਾਂ ਮਾਫ਼ੀ ਲਈ ਸਾਡੀ ਤਾਜ਼ਾ ਪ੍ਰਾਰਥਨਾ ਤੋਂ ਬਾਅਦ ਫੇਰ ਕਦੇ ਪਾਪ ਨਹੀਂ ਕਰਾਂਗੇ। ਪਰਮੇਸ਼ੁਰ ਸਾਡੀ ਮਨੁੱਖਤਾ ਅਤੇ ਸ਼ਤਾਨ ਦੀ ਜਿੱਦ ਨੂੰ ਜਾਣਦਾ ਹੈ। ਇਸ ਸੁੱਖਣਾ ਪੂਰੀ ਕਰਨੀ ਅਸੰਭਵ ਹੋਵੇਗੀ, ਭਾਵੇਂ ਸਾਡੀ ਇੱਛਾ ਕਿੰਨੀ ਹੀ ਵੱਡੀ ਕਿਉਂ ਨਾ ਹੋਵੇ।

ਕੀ ਅਸੀਂ ਪਰਮੇਸ਼ੁਰ ਦੇ ਅੱਗੇ ਕੀਤੇ ਗਏ ਆਪਣੇ ਸਮਰਪਣਾਂ ਤੋਂ ਕਦੀ ਪਿੱਛੇ ਹਟੇ ਹਾਂ? ਇਸ ਪ੍ਰਵਿਰਤੀ ਦਾ ਉਦਾਹਰਣ ਉਸ ਮਨੁੱਖ ਦੁਆਰਾ ਮਿਲਦਾ ਹੈ ਜਿਹੜਾ ਜਹਾਜ਼ ਦੇ ਦੌਰੇ ਤੇ ਗਿਆ ਜਦੋਂ ਜਹਾਜ਼ ਵਿਚ ਗੰਭੀਰ ਗੜਬੜ ਹੋ ਗਈ। ਇਸ ਸਵਾਰੀ ਦੇ ਲਾਗੇ ਬੈਠੇ ਇਕ ਪਰਚਾਰਕ ਨੇ ਉਸ ਮਨੁੱਖ ਨੂੰ ਪ੍ਰਾਰਥਨਾ ਕਰਦੇ ਸੁਣ ਲਿਆ। "ਜੇਕਰ ਤੂੰ ਮੈਨੂੰ ਇਸ ਆਫ਼ਤ ਤੋਂ ਬਚਾ ਲਵੇਂ, ਇਕ ਵਪਾਰੀ ਹੋਣ ਦੇ ਨਾਤੇ ਮੇਰਾ ਜੋ ਕੁਝ ਹੈ ਉਸ ਵਿੱਚੋਂ ਅੱਧਾ ਮੈਂ ਤੈਨੂੰ ਦੇ ਦਿਆਂਗਾ," ਉਸ ਮਨੁੱਖ ਨੇ ਇਹ ਸੁੱਖਣਾ ਸੁੱਖ ਲਈ। ਛੇਤੀ ਹੀ ਜਹਾਜ਼ ਬੁਰੀ ਆਫ਼ਤ ਵਿੱਚੋਂ ਸੁਰੱਖਿਅਤ ਬਾਹਰ ਆ ਗਿਆ ਅਤੇ ਜਹਾਜ਼ ਦੇ ਉੱਤਰਣ ਤੇ ਪਰਚਾਰਕ ਨੇ ਉਸ ਮਨੁੱਖ ਨੂੰ ਉਸ ਦੀ ਪ੍ਰਤਿੱਗਿਆ ਬਾਰੇ ਚੇਤੇ ਕਰਾਇਆ। ਉਸ ਮਨੁੱਖ ਨੇ ਜਵਾਬ ਦਿੱਤਾ, "ਮੈਂ ਹੁਣੇ ਪਰਮੇਸ਼ੁਰ ਨਾਲ ਵਧੀਆ ਸੌਦਾ ਕੀਤਾ ਹੈ। ਜੇ ਫੇਰ ਮੈਂ ਕਦੀ ਜਹਾਜ਼ ਵਿਚ ਸਫ਼ਰ ਕੀਤਾ, ਮੈਂ ਉਸ ਨੂੰ ਆਪਣਾ ਸਭ ਕੁਝ ਦੇ ਦਿਆਂਗਾ!" ਇਹ ਕਹਾਣੀ ਹਾਸੋਹੀਣੀ ਜਾਪ ਸਕਦੀ ਹੈ, ਪਰ ਕੀ ਅਸੀਂ ਤਕਨੀਕੀ ਤੌਰ ਤੇ ਉਸ ਨੂੰ ਬਦਲ ਸਕਦੇ ਹਾਂ ਜੋ ਅਸੀਂ ਪਰਮੇਸ਼ੁਰ ਨਾਲ ਸੁੱਖਣਾ ਸੁੱਖੀ ਹੈ? ਪਰਮੇਸ਼ੁਰ ਦੇ ਪ੍ਰਤੀ ਸਾਡੇ ਮੁਖ਼ਤਿਆਰਪੁਣੇ ਵਿਚ, ਕੀ ਅਸੀਂ ਪਰਮੇਸ਼ੁਰ ਨੂੰ ਕੁਝ ਪੈਸੇ ਦੇਣ ਦੀ ਸੁੱਖਣਾ ਸੁੱਖੀ ਸੀ ਅਤੇ ਫਿਰ ਕੀ ਅਸੀਂ ਉਸ ਨੂੰ ਘੱਟ ਪੈਸੇ ਦਿੱਤੇ? ਕੀ ਅਸੀਂ ਚਰਚ ਦੇ ਪ੍ਰੋਜੈਕਟ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ ਸੀ ਅਤੇ ਫਿਰ ਕੀ ਅਸੀਂ ਉਸ ਨੂੰ ਪੂਰਾ ਕਰਨ ਵਿਚ ਅਸਫ਼ਲ ਰਹੇ? ਇਹੋ ਜਿਹੇ ਹਾਲਾਤ ਬਣ ਸਕਦੇ ਹਨ ਜੋ ਸਾਨੂੰ ਆਰਜ਼ੀ ਤੌਰ ਤੇ ਸਾਡੀਆਂ ਯੋਜਨਾਵਾਂ ਨੂੰ ਬਦਲਣ ਦੇ ਲਈ ਮਜਬੂਰ ਕਰ ਸਕਦੇ ਹਨ, ਪਰ ਕੀ ਪਰਮੇਸ਼ੁਰ ਖੁਸ਼ ਹੁੰਦਾ ਹੈ ਜਦੋਂ ਅਸੀਂ ਆਪਣੀ ਗੱਲ ਤੋਂ ਮੁੱਕਰ ਜਾਂਦੇ ਹਾਂ? ਸਾਡਾ ਸ਼ਬਦ ਕਿੰਨਾ ਚੰਗਾ ਹੈ?

ਸਾਡੇ ਲਈ ਆਪਣੀਆਂ ਸੁੱਖਣਾਂ ਨੂੰ ਪੂਰਾ ਕਰਨਾ ਕਿਉਂ ਮੁਸ਼ਕਲ ਹੈ? ਇਸ ਦੇ ਲਈ ਕਈ ਕਾਰਣ ਦਿੱਤੇ ਜਾ ਸਕਦੇ ਹਨ। ਪਹਿਲਾ ਕਾਰਣ, ਅਸੀਂ ਆਮ ਤੌਰ ਤੇ ਆਪਣੇ ਆਪ ਨੂੰ ਉਸ ਕੰਮ ਦੇ ਲਈ ਪਵਿੱਤਰ ਨਹੀਂ ਕਰਦੇ। ਅਸੀਂ ਕਿਸੇ ਵਿਸ਼ੇਸ਼ ਕੰਮ ਨੂੰ ਪੂਰਾ ਕਰਨ ਦੇ ਲਈ ਹੋਰ ਕੰਮਾਂ ਨੂੰ ਅੱਡ ਨਹੀਂ ਕਰਦੇ। ਹੋਰ ਚਿੰਤਾਵਾਂ ਸਾਡੇ ਸਮੇਂ ਅਤੇ ਧਿਆਨ ਦੀ ਮੰਗ ਕਰਦੀਆਂ ਹਨ। ਅਸੀਂ ਅਕਸਰ ਆਤਮਿਕ ਪ੍ਰੋਜੈਕਟ ਨੂੰ ਪ੍ਰਾਥਮਿਕਤਾ ਨਹੀਂ ਬਣਾਉਂਦੇ। ਦੂਜਾ, ਸ਼ਤਾਨ ਸਾਨੂੰ ਡੱਕਣ ਦੀ

ਕੋਸ਼ਿਸ਼ ਕਰੇਗਾ। 1 ਥੱਸਲੁਨੀਕੀਆਂ 2:18 ਵਿਚ, ਪੌਲੁਸ ਨੇ ਆਖਿਆ ਕਿ ਸ਼ਤਾਨ ਨੇ ਉਸ ਨੂੰ ਵਾਰ-ਵਾਰ ਡੱਕਿਆ। ਸ਼ਤਾਨ ਸਾਨੂੰ ਪਰਮੇਸ਼ੁਰ ਦੀ ਇੱਛਾ ਤੋਂ ਭਟਕਾਉਣ ਦੀ ਹਰ ਸੰਭਵ ਕੋਸ਼ਿਸ਼ ਕਰ ਸਕਦਾ ਹੈ। ਸ਼ਤਾਨ ਸਾਡੇ ਰਵੱਈਆਂ ਤੇ ਕੰਮ ਕਰਦਾ ਹੈ, ਅਸੀਂ ਨਿਰਾਸ਼ ਹੋ ਜਾਂਦੇ ਹਾਂ ਅਤੇ ਆਪਣੇ ਕੰਮਾਂ ਨੂੰ ਪੂਰਾ ਨਹੀਂ ਕਰ ਸਕਦੇ। ਉਹ ਸਾਨੂੰ ਸੁਆਰਥੀਪਣ ਨਾਲ ਭਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਕਿ ਅਸੀਂ ਪਰਮੇਸ਼ੁਰ ਦੀ ਇੱਛਾ ਤੋਂ ਵੱਧ ਕੇ ਸਾਡੀਆਂ ਆਪਣੀ ਇੱਛਾਵਾਂ ਬਾਰੇ ਸੋਚਣਾ ਸ਼ੁਰੂ ਕਰੀਏ।

ਸਾਨੂੰ ਪਰਮੇਸ਼ੁਰ ਦੇ ਅੱਗੇ ਸਵੈ-ਇੱਛੁਕ ਸੁੱਖਣਾਂ ਸੁੱਖਣ ਅਤੇ ਉਨ੍ਹਾਂ ਨੂੰ ਪੂਰਾ ਕਰਨ ਦੀ ਚੁਣੌਤੀ ਕਿਵੇਂ ਮਿਲ ਸਕਦੀ ਹੈ? ਸਾਨੂੰ ਉਨ੍ਹਾਂ ਚੀਜ਼ਾਂ ਦੀ ਸੂਚੀ ਬਣਾਉਣੀ ਚਾਹੀਦੀ ਹੈ ਜੋ ਅਸੀਂ ਉਸ ਨੂੰ ਅਰਪਨ ਕਰ ਸਕਦੇ ਹਾਂ। ਪੌਲੁਸ ਨੇ ਤਿਮੋਥਿਉਸ ਨੂੰ ਆਖਿਆ ਕਿ "ਭਗਤੀ ਲਈ ਆਪ ਸਾਧਨਾ ਕਰ ਕਿਉਂ ਜੋ ਸਰੀਰਕ ਸਾਧਨਾ ਤੋਂ ਲਾਭ ਥੋੜਾ ਹੈ ਪਰ ਭਗਤੀ ਸਭਨਾਂ ਗੱਲਾਂ ਲਈ ਲਾਭਵੰਤ ਹੈ ਕਿਉਂ ਜੋ ਹੁਣ ਦਾ ਅਤੇ ਆਉਣ ਵਾਲੇ ਜੀਵਨ ਦਾ ਵਾਇਦਾ ਉਹ ਦੇ ਨਾਲ ਹੈ" (1 ਤਿਮੋਥਿਉਸ 4:7, 8)।

ਅਗਲੀ ਗੱਲ, ਖੁਰਾਕ ਜਾਂ ਕਸਰਤ ਦੇ ਵਾਂਗ, ਸਾਨੂੰ ਸਾਡੇ ਸਮਰਪਣਾਂ ਨੂੰ ਥੋੜ੍ਹੇ ਸਮੇਂ ਸੀਮਾ ਵਿਚ ਰੱਖਣਾ ਚਾਹੀਦਾ ਹੈ। ਸਾਨੂੰ ਇਕ ਸਾਲ ਦੇ ਲਈ ਰੋਜ਼ਾਨਾਂ ਬਾਈਬਲ ਪੜ੍ਹਨ ਦੀ ਸੁੱਖਣਾ ਨਹੀਂ ਸੁੱਖਣੀ ਚਾਹੀਦੀ ਜੇਕਰ ਅਸੀਂ ਇਹ ਪਹਿਲਾਂ ਨਹੀਂ ਕੀਤਾ ਹੈ। ਨਜ਼ੀਰ ਦੇ ਵਾਂਗ, ਸਾਨੂੰ ਤੀਹ ਦਿਨ ਅਜਮਾਉਣੇ ਚਾਹੀਦੇ ਹਨ। ਉਸ ਸਮੇਂ ਦੇ ਅੰਤ ਵਿਚ, ਅਸੀਂ ਹੋਰ ਤੀਹ ਦਿਨ ਅਜਮਾ ਸਕਦੇ ਹਾਂ, ਅਤੇ ਛੇਤੀ ਹੀ ਇਹ ਇਕ ਸਾਲ ਵਿਚ ਤਬਦੀਲ ਹੋ ਜਾਵੇਗਾ। ਜੇਕਰ ਅਸੀਂ ਛੋਟੇ-ਛੋਟੇ ਕਦਮ ਉਠਾਉਂਦੇ ਹਾਂ, ਅਸੀਂ ਛੋਟੀਆਂ-ਛੋਟੀਆਂ ਜਿੱਤਾਂ ਵਿਚ ਖੁਸ਼ ਹੋ ਸਕਦੇ ਹਾਂ। ਛੋਟੇ-ਛੋਟੇ ਕਦਮ ਛੇਤੀ ਹੀ ਵੱਡੇ ਕਦਮਾਂ ਵਿਚ ਤਬਦੀਲ ਹੋ ਜਾਣਗੇ।

ਅੰਤ ਵਿਚ, ਸਾਨੂੰ ਇਸ ਦੀ ਕੀਮਤ ਗਿਣਤੀ ਚਾਹੀਦੀ ਹੈ। ਇਸ ਸੁੱਖਣਾ ਨੂੰ ਪੂਰਾ ਕਰਨ ਦੇ ਲਈ ਕਿਸ ਚੀਜ਼ ਦੀ ਲੋੜ ਪਵੇਗੀ? ਇਹ ਜਾਣਨਾ ਕਿ ਸਾਡੇ ਅੱਗੇ ਕਿਹੜੀਆਂ ਰੁਕਾਵਟਾਂ ਹਨ ਅਤੇ ਸਾਨੂੰ ਕਿਨ੍ਹਾਂ ਚੀਜ਼ਾਂ ਤੋਂ ਬਚਣਾ ਚਾਹੀਦਾ ਹੈ ਪ੍ਰਤਿੱਗਿਆ ਨੂੰ ਪੂਰਾ ਕਰਨ ਵਿਚ ਅੱਧਾ ਯੁੱਧ ਹੈ।

*ਸਿੱਟਾ।* ਅਸੀਂ ਪ੍ਰਭੂ ਦੇ ਅੱਗੇ ਜੋ ਪ੍ਰਤਿੱਗਿਆਵਾਂ ਲੈਂਦੇ ਹਾਂ ਉਹ ਉਨ੍ਹਾਂ ਨੂੰ ਗੰਭੀਰਤਾ ਨਾਲ ਲੈਂਦਾ ਹੈ। ਉਹ ਹਮੇਸ਼ਾ ਆਪਣੇ ਵਾਅਦਿਆਂ ਨੂੰ ਪੂਰਾ ਕਰਦਾ ਹੈ ਅਤੇ ਉਹ ਸਾਨੂੰ ਬਰਕਤ ਦੇਵੇਗਾ ਜਦੋਂ ਅਸੀਂ ਆਪਣੇ ਕੰਮ ਨੂੰ ਪੂਰਾ ਕਰਦੇ ਹਾਂ। ਅਸੀਂ ਪਰਮੇਸ਼ੁਰ ਨੂੰ ਕੀ ਦੇ ਰਹੇ ਹਾਂ? ਸਾਡਾ ਸ਼ਬਦ ਉਸ ਨੂੰ ਪੂਰਾ ਕਰਨ ਵਿਚ ਕਿੰਨਾ ਚੰਗਾ ਹੈ ਜੋ ਅਸੀਂ ਉਸ ਦੇ ਲਈ ਕਰਨ ਦਾ ਵਾਅਦਾ ਕੀਤਾ ਹੈ?

## ਪਰਮੇਸ਼ੁਰ ਨੂੰ ਸਮਰਪਿਤ (6:1-21)

ਕੀ ਤੁਸੀਂ ਪਰਮੇਸ਼ੁਰ ਨੂੰ ਸਮਰਪਿਤ ਹੋ? ਨਜ਼ੀਰ ਸਮਰਪਿਤ ਸੀ। ਕੀ ਤੁਸੀਂ ਉਸ ਹੱਦ ਤੱਕ ਪਰਮੇਸ਼ੁਰ ਨੂੰ ਸਮਰਪਿਤ ਹੋ ਜਿੰਨਾ ਗਿਣਤੀ 6:1-21 ਵਿਚ ਨਜ਼ੀਰ ਸਨ? ਇਸ ਤੋਂ ਪਹਿਲਾਂ ਕਿ ਤੁਸੀਂ ਉਸ ਸਵਾਲ ਦਾ ਜਵਾਬ ਦਿਓ, ਤੁਹਾਨੂੰ ਉਸ ਦੀ ਸਮੀਖਿਆ ਕਰਨੀ ਚਾਹੀਦੀ ਹੈ ਕਿ ਬਾਈਬਲ ਦੇ ਸਮਿਆਂ ਵਿਚ ਨਜ਼ੀਰ ਕੀ ਸੀ?

ਨਜ਼ੀਰ ਨਾਸਰੀ ਨਹੀਂ ਸੀ; ਯਿਸੂ ਨਾਸਰੀ ਕਹਾਇਆ ਸੀ ਕਿਉਂਕ ਉਹ ਨਾਸਰਤ ਤੋਂ ਸੀ (ਮੱਤੀ 2:23; ਵੇਖੋ ਰਸੂਲਾਂ ਦੇ ਕਰਤੱਬ 24:5)। "ਨਜ਼ੀਰ" ਸ਼ਬਦ ਇਕ ਕਿਰਿਆ ਤੋਂ ਆਉਂਦਾ ਹੈ ਜਿਸ ਦਾ ਅਰਥ ਹੈ "ਪਵਿੱਤ੍ਰ ਕਰਨਾ।" ਨਜ਼ੀਰ ਉਹ ਮਰਦ ਜਾਂ ਇਸਤ੍ਰੀ ਸੀ ਜੋ ਇਕ ਵਿਸ਼ੇਸ਼ ਸਮੇਂ ਦੇ ਲਈ ਪਰਮੇਸ਼ੁਰ ਨੂੰ ਸਮਰਪਿਤ ਸੀ। ਉਸ ਸਮੇਂ ਦੌਰਾਨ, ਉਸ ਨੂੰ ਤਿੰਨ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਸਨ: ਮਧ ਤੋਂ ਬਣੀ ਕਿਸੇ ਵੀ ਚੀਜ਼ ਤੋਂ ਪਰਹੇਜ਼ ਕਰਨਾ, ਉਸ ਦੇ ਵਾਲ ਮੁਨਵਾਉਣ ਤੋਂ ਪਰਹੇਜ਼ ਕਰਨਾ ਅਤੇ ਲੋਥ ਨੂੰ ਛੋਹਣ ਤੋਂ ਬਚਣਾ। ਉਸ ਸਮੇਂ ਦੌਰਾਨ ਜਦੋਂ ਉਸ ਤੇ

ਸੁੱਖਣਾ ਲਾਗੂ ਹੁੰਦੀ ਸੀ ਜੇਕਰ ਨਜ਼ੀਰ ਕਿਸੇ ਲੋਥ ਨੂੰ, ਭਾਵੇਂ ਅਚਾਣਕ ਵੀ, ਛੋਹ ਲੈਂਦਾ ਸੀ ਤਾਂ ਉਸ ਨੂੰ ਸ਼ੁੱਧ ਹੋਣਾ ਪੈਂਦਾ ਸੀ, ਬਲੀਆਂ ਚੜ੍ਹਾਉਣੀਆਂ ਪੈਂਦੀਆਂ ਸਨ ਅਤੇ ਨਵੇਂ ਸਿਰਿਓਂ ਸ਼ੁਰੂਆਤ ਕਰਨੀ ਪੈਂਦੀ ਸੀ। ਸੁੱਖਣਾ ਨੂੰ ਪੂਰਾ ਕਰਨ ਤੇ, ਨਜ਼ੀਰ ਨੇ ਬਲੀਆਂ ਚੜ੍ਹਾਉਣੀਆਂ ਸਨ।

ਜਦ ਕਿ ਇਹ ਬੰਦ ਸਿਰਫ ਉਨ੍ਹਾਂ ਨਜ਼ੀਰਾਂ ਬਾਰੇ ਗੱਲ ਕਰਦਾ ਹੈ ਜਿਨ੍ਹਾਂ ਨੇ ਇਕ ਵਿਸ਼ੇਸ਼ ਸਮੇਂ ਦੇ ਲਈ ਸੁੱਖਣਾ ਸੁੱਖੀ ਸੀ, ਬਾਈਬਲ ਹੋਰ ਕਿਤੇ ਇਹ ਦੱਸਦੀ ਹੈ ਕਿ ਕੁਝ ਲੋਕ ਉਨ੍ਹਾਂ ਦੇ ਮਾਤਾ-ਪਿਤਾ ਦੁਆਰਾ ਸੁੱਖੀ ਗਈ ਸੁੱਖਣਾ ਦੇ ਕਾਰਣ ਜਨਮ ਤੋਂ ਹੀ ਨਜ਼ੀਰ ਸਨ। ਸਮਸੂਨ "ਜ਼ਿੰਦਗੀਭਰ ਦੇ ਲਈ ਨਜ਼ੀਰ" ਹੋਣ ਦੇ ਉਦਾਹਰਣਾਂ ਵਿੱਚੋਂ ਇਕ ਹੈ, ਕਿਉਂਕਿ ਨਿਆਈਆਂ 13:4, 5 ਆਖਦੀਆਂ ਹਨ ਕਿ ਸਮਸੂਨ ਨੇ ਆਪਣੀ ਮਾਂ ਦੀ ਕੁੱਖ ਵਿੱਚੋਂ ਹੀ ਨਜ਼ੀਰ ਹੋਣਾ ਸੀ। ਇਹ ਸਮਸੂਨ ਦੇ ਲੰਬੇ ਵਾਲਾਂ ਦੀ ਮਹੱਤਤਾ ਦੀ ਵਿਆਖਿਆ ਕਰਨ ਵਿਚ ਮਦਦ ਕਰਦਾ ਹੈ। ਸਮੂਏਲ ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਬਾਰੇ ਵੀ ਇਹੀ ਸੋਚਿਆ ਜਾਂਦਾ ਹੈ ਕਿ ਉਹ ਜ਼ਿੰਦਗੀਭਰ ਦੇ ਲਈ ਨਜ਼ੀਰ ਸਨ ਕਿਉਂਕਿ ਉਹ ਜਨਮ ਤੋਂ ਹੀ ਪ੍ਰਭੂ ਨੂੰ ਸਮਰਪਿਤ ਸਨ।

ਸਪੱਸ਼ਟ ਤੌਰ ਤੇ, ਅਸੀਂ ਨਜ਼ੀਰ ਨਹੀਂ ਹਾਂ। ਹੁਣ ਪੁਰਾਣੇ ਨੇਮ ਦੀ ਸ਼ਰਾ ਸਾਡੇ ਤੇ ਲਾਗੂ ਨਹੀਂ ਹੈ। ਜੇਕਰ ਇਹ ਲਾਗੂ ਹੁੰਦੀ ਵੀ, ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਨੇ ਇਸ ਦੇ ਅਧੀਨ ਨਹੀਂ ਸੀ ਹੋਣਾ, ਕਿਉਂਕਿ ਇਹ ਸਿਰਫ ਯਹੂਦੀਆਂ ਨੂੰ ਦਿੱਤੀ ਗਈ ਸੀ। ਪਰ, ਇਸ ਮਸੀਹੀ ਯੁੱਗ ਵਿਚ, ਕੀ ਕੋਈ ਨਜ਼ੀਰ ਜਾਂ ਨਜ਼ੀਰ ਦੀ ਸੁੱਖਣਾ ਦੇ ਬਰਾਬਰ ਹੈ?

*ਇਕ ਭਾਵ ਵਿਚ, ਹਰੇਕ ਮਸੀਹੀ ਵਿਅਕਤੀ ਪਰਮੇਸ਼ੁਰ ਨੂੰ ਸਮਰਪਿਤ ਹੈ।* ਨਜ਼ੀਰਾਂ ਦੇ ਵਾਂਗ, ਅਸੀਂ ਉਸ ਦੇ ਲਈ ਪਵਿੱਤ੍ਰ ਕੀਤੇ ਗਏ ਹਾਂ। ਅਸੀਂ "ਸੰਤ" ਹਾਂ ਜਿਸ ਦਾ ਅਰਥ ਹੈ ਅਸੀਂ ਪਵਿੱਤਰ ਹਾਂ, ਪਰਮੇਸ਼ੁਰ ਦੇ ਉਦੇਸ਼ ਦੇ ਲਈ ਵੱਖਰੇ ਕੀਤੇ ਗਏ ਹਾਂ (1 ਪਤਰਸ 1:16)। ਪਰਮੇਸ਼ੁਰ ਸਾਨੂੰ ਆਪਣੇ ਆਪ ਨੂੰ ਪੂਰੀ ਤਰ੍ਹਾਂ ਉਸ ਨੂੰ ਦੇਣ ਦੇ ਲਈ ਬੁਲਾਉਂਦਾ ਹੈ (ਮੱਤੀ 6:33; 19:21; 22:37; ਲੂਕਾ 14:25-27; ਰੋਮੀਆਂ 12:1, 2; ਗਲਾਤੀਆਂ 2:20)। ਸਾਡੀ ਪਵਿੱਤਰਤਾਈ ਦੇ ਲਈ ਕਿਹੜੀ ਚੀਜ਼ ਦੀ ਲੋੜ ਹੈ? ਸਿਰਫ ਤਿੰਨ ਚੀਜ਼ਾਂ ਨਹੀਂ, ਪਰ ਹਰੇਕ ਚੀਜ਼! ਇਹ ਤੱਥ ਕਿ ਅਸੀਂ ਮਸੀਹੀ ਲੋਕ ਹਾਂ, ਮਸੀਹ ਨੂੰ ਸਮਰਪਿਤ ਹਾਂ, ਸਾਡੇ ਜੀਵਨਾਂ ਦੇ ਹਰੇਕ ਪਹਿਲੂ - ਘਰ ਅਤੇ ਪਰਿਵਾਰ, ਕੰਮ, ਖੇਡਣ, ਧਰਮ ਅਤੇ ਨਿੱਜੀ ਵਿਚਾਰਾਂ - ਨੂੰ ਪ੍ਰਭਾਵਿਤ ਕਰਨਾ ਚਾਹੀਦਾ ਹੈ। ਉਨ੍ਹਾਂ ਲੋਕਾਂ ਤੇ ਰੂਪ ਵਿਚ ਜਿਹੜੇ ਪਰਮੇਸ਼ੁਰ ਨੂੰ ਸਮਰਪਿਤ ਹੋਣ ਦੇ ਲਈ ਬੁਲਾਏ ਗਏ ਹਨ, ਅਸੀਂ ਆਪਣੇ ਆਪ ਨੂੰ ਕਿਸੇ ਅਜਿਹੀ ਚੀਜ਼ ਤੋਂ ਬਚਣ ਦੇ ਲਈ ਵੀ ਬੁਲਾਏ ਗਏ ਹਾਂ ਜੋ ਅਸ਼ੁੱਧਤਾਈ ਉਤਪੰਨ ਕਰਦੀ ਹੈ। ਸਾਨੂੰ ਲੋਥਾਂ ਨੂੰ ਛੋਹਣ ਬਾਰੇ ਚਿੰਤਤ ਹੋਣ ਦੀ ਲੋੜ ਨਹੀਂ ਹੈ, ਪਰ ਸਾਨੂੰ ਇਸ ਪਾਪੀ ਸੰਸਾਰ ਦੁਆਰਾ ਆਪਣੇ ਆਪ ਨੂੰ ਅਸ਼ੁੱਧ ਕਰਨ ਤੋਂ ਬਚਣ ਬਾਰੇ ਗੰਭੀਰ ਹੋਣਾ ਚਾਹੀਦਾ ਹੈ (1 ਯੂਹੰਨਾ 2:15-17)।

*ਇਕ ਹੋਰ ਭਾਵ ਵਿਚ, ਕੁਝ ਮਸੀਹੀ ਲੋਕਾਂ ਨੇ ਪਰਮੇਸ਼ੁਰ ਦੀ ਇਕ ਖ਼ਾਸ ਤਰੀਕੇ ਨਾਲ ਸੇਵਾ ਕਰਨ ਦੇ ਲਈ ਆਪਣੇ ਆਪ ਨੂੰ ਵੱਖਰਾ ਕੀਤਾ ਹੈ, ਜਾਂ ਤਾਂ ਆਰਜ਼ੀ ਤੌਰ ਤੇ ਜਾਂ ਜ਼ਿੰਦਗੀਭਰ ਦੇ ਲਈ।* ਨਵਾਂ ਨੇਮ ਸੁਝਾਅ ਦਿੰਦਾ ਹੈ ਕਿ ਵਿਅਕਤੀਗਤ ਮਸੀਹੀ ਲੋਕਾਂ ਜਾਂ ਮਸੀਹੀ ਲੋਕਾਂ ਦੇ ਸਮੂਹਾਂ ਨੇ ਕਦੀ-ਕਦੀ ਆਪਣੇ ਆਪ ਨੂੰ ਪਰਮੇਸ਼ੁਰ ਦੀ ਸੇਵਾ ਦੇ ਲਈ ਦੇਣ ਵਾਸਤੇ ਆਪਣੀਆਂ ਨਿਯਮਤ ਜੀਵਨਸ਼ੈਲੀਆਂ ਨੂੰ ਤਿਆਗ ਦਿੱਤਾ ਸੀ (ਵੇਖੋ 1 ਕੁਰਿੰਥੀਆਂ 7:5)। ਰਸੂਲਾਂ ਦੇ ਕਰਤੱਬ 13:2, 3; 14:23 ਵਿਚ ਰੋਜ਼ੇ ਅਤੇ ਪ੍ਰਾਰਥਨਾ ਦੇ ਵਿਸ਼ੇਸ਼ ਸਮਿਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਕਈਆਂ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਪਰਮੇਸ਼ੁਰ ਦੀ ਸੇਵਾ ਲਈ ਸਮਰਪਿਤ ਕਰ ਦਿੱਤਾ ਸੀ: ਪਰਚਾਰਕਾਂ, ਮਿਸ਼ਨਰੀਆਂ ਅਤੇ ਸ਼ਾਇਦ ਕੁਝ ਵਿਧਵਾਂ ਨੇ ਵੀ (ਵਿਧਵਾਂ ਜਿਨ੍ਹਾਂ ਨੂੰ "ਸੂਚੀ ਵਿਚ ਰੱਖਿਆ ਗਿਆ ਸੀ"; 1 ਤਿਮੋਥਿਉਸ 5:9-14)। ਅੱਜ, ਅਸੀਂ ਆਪਣਾ ਪੂਰਾ ਸਮਾਂ

ਦੇਣ ਵਾਲੇ ਪਰਚਾਰਕ ਜਾਂ ਮਿਸ਼ਨਰੀ ਬਣਨਾ ਚੁਣ ਕੇ ਉਹੋ ਜਿਹੇ ਜੀਵਨ ਜੀ ਸਕਦੇ ਹਾਂ। ਅਸੀਂ ਮਿਸ਼ਨ ਦੌਰਿਆਂ ਜਾਂ ਆਤਮਿਕ ਦੌਰਿਆ ਤੇ ਜਾਣ ਦੁਆਰਾ ਜਾਂ ਹਰ ਹਫ਼ਤੇ ਆਪਣੇ ਕੁਝ ਘੰਟੇ ਸੇਵਕਾਈ ਲਈ ਦੇ ਕੇ ਸਮਰਪਣ ਦੇ ਵਿਸ਼ੇਸ਼ ਸਮੇਂ ਵੱਖਰੇ ਕਰ ਸਕਦੇ ਹਾਂ।

### "ਯਹੋਵਾਹ ਤੁਹਾਨੂੰ ਬਰਕਤ ਦੇਵੇ ਅਤੇ ਤੇਰੀ ਰਾਖੀ ਕਰੇ" (6:22-27)

ਗਿਣਤੀ 6:24-26 ਨੂੰ ਇਕ ਗੀਤ ਦੇ ਰੂਪ ਵਿਚ ਜਾਂ ਕਲੀਸੀਆ ਮੰਡਲੀ ਵਿਚ ਦਿੱਤੀ ਗਈ ਇਕ ਅਸੀਸ ਦੇ ਰੂਪ ਵਿਚ ਵਰਤਿਆ ਗਿਆ ਹੈ। ਜ਼ਿਆਦਾਤਰ ਲੋਕਾਂ ਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਇਹ ਲਿਖਤ ਗਿਣਤੀ ਦੀ ਪੁਸਤਕ ਵਿਚ ਮਿਲਦੀ ਹੈ। ਬਾਈਬਲ ਦੀ ਪੁਸਤਕ ਵਿਚ ਅਜਿਹੇ ਸ੍ਰੇਸ਼ਟ ਬੰਦ ਦਾ ਮਿਲਣਾ ਅਜੀਬ ਜਾਪ ਸਕਦਾ ਹੈ ਜਿਸ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਆਓ ਇਹ ਚੇਤੇ ਰੱਖੀਏ ਕਿ ਬਾਈਬਲ ਵਿਚ ਉਹ ਪੁਸਤਕਾਂ ਜਿਹੜੀਆਂ ਘੱਟ ਪ੍ਰਸਿੱਧ ਹਨ ਉਨ੍ਹਾਂ ਵਿਚ ਵੀ ਕਈ ਖਜ਼ਾਨੇ ਛੁਪੇ ਹੋਏ ਹਨ।

*ਇਸਰਾਏਲੀਆਂ ਤੇ ਪਰਮੇਸ਼ੁਰ ਦੀ ਅਸੀਸ।* ਇਸ ਦੇ ਅਸਲੀ ਸੰਦਰਭ ਵਿਚ, "ਯਹੋਵਾਹ ਤੁਹਾਨੂੰ ਬਰਕਤ ਦੇਵੇ ਅਤੇ ਤੇਰੀ ਰਾਖੀ ਕਰੇ" ਉਸ ਅਸੀਸ ਦਾ ਕੰਮ ਕਰਦਾ ਹੈ ਜਿਸ ਦੀ ਘੋਸ਼ਣਾ ਜਾਜਕਾਂ ਦੁਆਰਾ ਪਰਮੇਸ਼ੁਰ ਦੇ ਚੁਣੇ ਹੋਏ ਲੋਕਾਂ ਤੇ ਕੀਤੀ ਗਈ ਸੀ। ਅਸੀਂ ਸੰਦਰਭ ਤੋਂ ਕੀ ਸਮਝ ਸਕਦੇ ਹਾਂ? (1) ਇਸ ਅਸੀਸ ਦੀ ਸ਼ੁਰੂਆਤ ਪਰਮੇਸ਼ੁਰ ਵੱਲੋਂ ਹੋਈ ਸੀ (6:22)। (2) ਇਸ ਦੀ ਘੋਸ਼ਣਾ ਜਾਜਕਾਂ, ਹਾਰੂਨ ਅਤੇ ਉਸ ਦੇ ਪੁੱਤ੍ਰਾਂ ਦੁਆਰਾ ਕੀਤੀ ਜਾਣੀ ਸੀ (6:23)। (3) ਅਸੀਸਾਂ ਜੋ ਭਾਲੀਆਂ ਗਈਆਂ ਸਨ ਉਹ ਇਹ ਸਨ ਕਿ ਪਰਮੇਸ਼ੁਰ "ਬਰਕਤ ਦੇਵੇ," "ਰਾਖੀ ਕਰੇ," ਦਯਾ ਕਰੇ ਜਾਂ "ਆਪਣੇ ਮੁਖੜੇ ਨੂੰ ਤੇਰੇ ਉੱਤੇ ਚਮਕਾਵੇ" ਅਤੇ "ਆਪਣਾ ਮੁਖੜਾ ਤੇਰੀ ਵੱਲ ਫੇਰੇ," ਦਿਆਲੂ" ਬਣੇ ਅਤੇ ਲੋਕਾਂ ਨੂੰ "ਸ਼ਾਂਤੀ" ਦੇਵੇ (6:24-26)। (4) ਇਸ ਅਸੀਸ ਦੀ ਘੋਸ਼ਣਾ ਦੁਆਰਾ, ਜਾਜਕ "[ਪਰਮੇਸ਼ੁਰ ਦਾ] ਨਾਮ ਇਸਰਾਏਲੀਆਂ ਉੱਤੇ ਰੱਖਣਗੇ" (6:27)। ਦੂਜੇ ਸ਼ਬਦਾਂ ਵਿਚ, ਉਹ ਪਰਮੇਸ਼ੁਰ ਤੇ ਉਨ੍ਹਾਂ ਦੀ ਨਿਰਭਰਤਾ ਅਤੇ ਉਨ੍ਹਾਂ ਤੇ ਪਰਮੇਸ਼ੁਰ ਦੀ ਮਾਲਕੀ ਨੂੰ ਸਵੀਕਾਰਨਗੇ। (5) ਜੇਕਰ ਜਾਜਕ ਇਹ ਅਸੀਸ ਦੇਣਗੇ, ਜਾਂ ਇਹ ਪ੍ਰਾਰਥਨਾ ਕਰਨਗੇ, ਪਰਮੇਸ਼ੁਰ ਇਸਰਾਏਲੀਆਂ ਨੂੰ ਬਰਕਤ ਦੇਵੇਗਾ (6:27)।

*ਮਸੀਹੀ ਲੋਕਾਂ ਦੇ ਲਈ ਪਰਮੇਸ਼ੁਰ ਦੀਆਂ ਅਸੀਸਾਂ।* ਜਦ ਕਿ ਸ਼ਰਾ ਦੇ ਅਧੀਨ ਪਰਮੇਸ਼ੁਰ ਦੇ ਚੁਣੇ ਹੋਏ ਲੋਕਾਂ ਤੇ ਘੋਸ਼ਣਾ ਕੀਤੀਆਂ ਗਈਆਂ ਅਸੀਸਾਂ ਉਹ ਅਸੀਸਾਂ ਨਹੀਂ ਹਨ ਜਿਨ੍ਹਾਂ ਦਾ ਉਸ ਦੀ ਅੱਜ ਦੀ ਕਲੀਸੀਆ ਨੂੰ ਵਾਅਦਾ ਦਿੱਤਾ ਗਿਆ ਸੀ, ਕੁਝ ਜ਼ਰੂਰੀ ਸਮਾਨਤਾਵਾਂ ਵੇਖੀਆਂ ਜਾ ਸਕਦੀਆਂ ਹਨ:

1. ਉਸ ਦੀਆਂ ਅਸੀਸਾਂ ਮਹੱਤਵਪੂਰਣ ਹਨ। ਜੀਵਨ ਵਿਚ ਸਾਨੂੰ ਇਸ ਨਾਲੋਂ ਵੱਧ ਹੋਰ ਕਿਸ ਚੀਜ਼ ਦੀ ਲੋੜ ਹੈ? ਸਾਨੂੰ ਪਰਮੇਸ਼ੁਰ ਕੋਲੋਂ ਅਸੀਸ ਦੀ ਲੋੜ ਹੈ! ਸਾਨੂੰ ਉਸ ਕਿਸਮ ਦੀਆਂ ਅਸੀਸਾਂ ਦੀ ਲੋੜ ਹੈ ਜੋ ਇਸਰਾਏਲੀਆਂ ਦੇ ਲਈ ਜ਼ਰੂਰੀ ਸਨ: ਉਸ ਦੀ ਦਯਾ ਪਾਉਣਾ, ਉਸ ਦੇ ਦੁਆਰਾ ਸੰਭਾਲੇ ਜਾਣਾ, ਉਸ ਨੂੰ ਪ੍ਰਸੰਨ ਕਰਨ ਵਾਲੇ ਬਣਨਾ, ਉਸ ਕੋਲੋਂ ਕਿਰਪਾ ਪਾਉਣਾ, ਉਸ ਦੇ ਨਾਲ ਮੇਲ ਕਰਨਾ। ਅਜਿਹੀਆਂ ਅਸੀਸਾਂ ਪਰਮੇਸ਼ੁਰ ਵੱਲੋਂ ਆਉਂਦੀਆਂ ਹਨ; ਅਸੀਂ ਉਨ੍ਹਾਂ ਨੂੰ ਆਪਣੇ ਆਪ ਨਹੀਂ ਬਣਾਉਂਦੇ, ਨਾ ਹੀ ਅਸੀਂ ਉਨ੍ਹਾਂ ਨੂੰ ਦੂਜਿਆਂ ਕੋਲੋਂ ਪ੍ਰਾਪਤ ਕਰ ਸਕਦੇ ਹਾਂ।
2. ਮਸੀਹ ਦੇ ਰਾਹੀਂ ਸਿਫ਼ਾਰਸ਼ੀ ਪ੍ਰਾਰਥਨਾ। ਮੂਸਾ ਦੇ ਯੁੱਗ ਵਿਚ ਜਾਜਕ ਪਰਮੇਸ਼ੁਰ ਦੇ ਸਾਹਮਣੇ ਇਸਰਾਏਲ ਦੀ ਖ਼ਾਤਰ ਸਿਫ਼ਾਰਸ਼ ਕਰਦੇ ਸਨ; ਇਕ ਭਾਵ ਵਿਚ, ਉਹ ਪਰਮੇਸ਼ੁਰ ਅਤੇ ਲੋਕਾਂ ਦੇ ਵਿਚਕਾਰ ਖੜ੍ਹੇ ਹੁੰਦੇ ਸਨ। ਸਾਡੇ ਯੁੱਗ ਵਿਚ, ਮਸੀਹ ਪਰਧਾਨ ਜਾਜਕ ਹੈ ਅਤੇ ਉਹੀ ਪਰਮੇਸ਼ੁਰ ਦੇ ਸਿੰਘਾਸਣ ਦੇ ਸਾਹਮਣੇ ਸਾਡੀ ਖ਼ਾਤਰ ਸਿਫ਼ਾਰਸ਼ ਕਰਦਾ ਹੈ (1 ਤਿਮੋਥਿਉਸ 2:5)। ਇਸ ਤੋਂ ਇਲਾਵਾ, ਅਸੀਂ ਜਾਜਕਾਂ ਦੀ ਸ਼ਾਹੀ ਮੰਡਲੀ ਹਾਂ (1 ਪਤਰਸ 2:9)। ਨਵਾਂ ਨੇਮ

ਸਾਨੂੰ ਇਕ ਦੂਜੇ ਦੇ ਲਈ ਪ੍ਰਾਰਥਨਾ ਕਰਨ ਦੇ ਲਈ ਵੀ ਉਤਸ਼ਾਹਿਤ ਕਰਦਾ ਹੈ (ਯਾਕੂਬ 5:16)। ਜੇਕਰ ਸਾਡੇ ਵਿੱਚੋਂ ਕੁਝ ਲੋਕ ਬਿਮਾਰ ਹਨ, ਕੀ ਇਹ ਇਸ ਲਈ ਹੋ ਸਕਦਾ ਹੈ ਕਿਉਂਕਿ ਸਾਡੇ ਵਿੱਚੋਂ ਦੂਜੇ ਲੋਕ ਉਨ੍ਹਾਂ ਦੇ ਲਈ ਉਸ ਤਰ੍ਹਾਂ ਪ੍ਰਾਰਥਨਾ ਨਹੀਂ ਕਰ ਰਹੇ ਹਾਂ ਜਿਵੇਂ ਸਾਨੂੰ ਕਰਨੀ ਚਾਹੀਦੀ ਹੈ?

3. ਪ੍ਰਾਰਥਨਾ ਵਿਚ ਉਸ ਦੀਆਂ ਬਰਕਤਾਂ ਨੂੰ ਭਾਲਣਾ ਚਾਹੀਦਾ ਹੈ। ਕਿਉਂਕਿ ਸਾਨੂੰ ਇਨ੍ਹਾਂ ਸਾਰੀਆਂ ਅਸੀਸਾਂ ਦੇ ਲਈ ਪਰਮੇਸ਼ੁਰ ਦੀ ਲੋੜ ਹੈ, ਆਓ ਅਸੀਂ ਉਨ੍ਹਾਂ ਦੇ ਲਈ ਪ੍ਰਾਰਥਨਾ ਕਰੀਏ! ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ, ਅਸੀਂ ਇਹ ਸਵੀਕਾਰ ਕਰਦੇ ਹਾਂ ਕਿ ਅਸੀਂ ਪ੍ਰਭੂ ਦੇ ਹਾਂ। ਅਸੀਂ ਉਸ ਦੇ ਹਾਂ!

4. ਸਾਡੀਆਂ ਪ੍ਰਾਰਥਨਾਵਾਂ ਸੁਣੀਆਂ ਜਾਣਗੀਆਂ ਅਤੇ ਸਾਨੂੰ ਉਨ੍ਹਾਂ ਦਾ ਉੱਤਰ ਮਿਲੇਗਾ। ਭਰੋਸਾ ਜੋ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਦਿੱਤਾ ਸੀ, ਸਾਨੂੰ ਵੀ ਉਹ ਯਿਸੂ ਕੋਲੋਂ ਮਿਲਿਆ ਹੈ। ਉਸ ਨੇ ਆਖਿਆ ਹੈ, "ਢੂੰਢੋ ਤਾਂ ਤੁਹਾਨੂੰ ਲੱਭੇਗਾ" (ਮੱਤੀ 7:7)। ਉਹ ਆਪਣੀ ਸਮਰੱਥਾ ਅਤੇ ਯੋਜਨਾ ਅਨੁਸਾਰ ਉੱਤਰ ਦੇਵੇਗਾ।

*ਸਿੱਟਾ।* ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਕਿੰਨੇ ਸ਼ਾਨਦਾਰ ਭਰੋਸੇ ਦਿੱਤੇ ਸਨ। ਜੇਕਰ ਜਾਜਕਾਂ ਨੇ ਅਸੀਸ ਦੀ ਘੋਸ਼ਣਾ ਕਰ ਦਿੱਤੀ ਸੀ ਅਤੇ ਕੌਮ ਪਰਮੇਸ਼ੁਰ ਦੀਆਂ ਅਸੀਸਾਂ ਨੂੰ ਨਿਰੰਤਰ ਭਾਲਦੀ, ਤਾਂ ਉਨ੍ਹਾਂ ਨੂੰ ਉਹ ਅਸੀਸ ਮਿਲਣੀ ਨਿਸ਼ਚਤ ਸੀ। ਕੋਈ ਵੀ ਚੀਜ਼ ਉਨ੍ਹਾਂ ਨੂੰ ਇਹ ਪ੍ਰਾਪਤ ਕਰਨ ਤੋਂ ਨਹੀਂ ਸੀ ਰੋਕ ਸਕਦੀ - ਕੁਝ ਵੀ ਨਹੀਂ, ਅਰਥਾਤ, ਉਨ੍ਹਾਂ ਦੇ ਆਪਣੇ ਪਾਪੀ ਵਿਹਾਰ ਅਤੇ ਨਿਹਚਾ ਦੀ ਘਾਟ ਤੋਂ ਇਲਾਵਾ! ਜਾਜਕ ਦੀ ਅਸੀਸ ਦੇ ਬਾਵਜੂਦ, ਇਸਰਾਏਲੀਆਂ ਨੇ ਪਾਪ ਕੀਤਾ ਸੀ ਅਤੇ ਉਸ ਪੀੜ੍ਹੀ ਨੇ ਵਾਅਦੇ ਦੇ ਦੇਸ ਵਿਚ ਆਪਣੀ ਥਾਂ ਗੁਆ ਦਿੱਤੀ ਸੀ। ਉਹ ਪਰਮੇਸ਼ੁਰ ਉੱਤੇ ਵਿਸ਼ਵਾਸ ਕਰਨ ਅਤੇ ਪਰਮੇਸ਼ੁਰ ਦੀ ਆਗਿਆ ਦਾ ਪਾਲਨ ਕਰਨ ਵਿਚ ਉਨ੍ਹਾਂ ਦੀ ਅਸਫ਼ਲਤਾ ਦੁਆਰਾ ਅਸੀਸ ਦੇ ਪਰਮੇਸ਼ੁਰ ਦੇ ਵਾਅਦੇ ਨੂੰ ਰੱਦ ਕਰਨ ਸਕਦੇ ਸਨ!

ਉਸੇ ਤਰ੍ਹਾਂ, ਸਾਡੇ ਕੋਲ ਵੱਡੇ ਵਾਅਦੇ ਹਨ। ਪਰਮੇਸ਼ੁਰ ਸਾਨੂੰ ਸਾਡੀ ਕਲਪਨਾ ਤੋਂ ਪਰੇ ਅਸੀਸ ਦੇਣ ਦੇ ਲਈ ਤਿਆਰ ਹੈ ਜੇਕਰ ਅਸੀਂ ਉਸ ਦੀ ਮਦਦ ਨੂੰ ਭਾਲਾਂਗੇ। ਕੀ ਕੋਈ ਚੀਜ਼ ਉਸ ਨੂੰ ਉਹ ਸਭ ਦੇਣ ਤੋਂ ਰੋਕ ਸਕਦੀ ਹੈ ਜਿਨ੍ਹਾਂ ਦਾ ਉਸ ਨੇ ਸਾਨੂੰ ਵਾਅਦਾ ਕੀਤਾ ਹੈ? ਸੰਸਾਰ ਵਿਚ ਕੋਈ ਵੀ ਚੀਜ਼ ਸਾਨੂੰ ਉਸ ਦੀਆਂ ਅਸੀਸਾਂ ਦਾ ਅਨੰਦ ਮਾਣਨ ਤੋਂ ਨਹੀਂ ਰੋਕ ਸਕਦੀ (ਰੋਮੀਆਂ 8:35-39) - ਕੁਝ ਵੀ ਨਹੀਂ, ਅਰਥਾਤ, ਸਾਡੇ ਆਪਣੇ ਆਪ ਤੋਂ ਇਲਾਵਾ! ਜੇਕਰ ਅਸੀਂ ਆਪਣੇ ਆਪ ਨੂੰ ਵਫ਼ਾਦਾਰ ਅਤੇ ਆਗਿਆਕਾਰੀ ਸਾਬਤ ਕਰਦੇ ਹਾਂ, ਅਸੀਂ ਸਿਰਫ ਉਸ ਦੀ ਉਮੀਦ ਕਰ ਸਕਦੇ ਹਾਂ ਜਿਸ ਦਾ ਇਸਰਾਏਲੀਆਂ ਨੇ ਆਖ਼ਰਕਾਰ ਅਨੁਭਵ ਕੀਤਾ ਸੀ: ਹਾਰ, ਨਿਰਾਸ਼ਾ ਅਤੇ ਅਸਫ਼ਲਤਾ।

---

ਟਿੱਪਣੀਆਂ

[1]ਆਰ. ਡੈਨਿਸ ਕੋਲ ਦੀ ਪੁਸਤਕ *ਜ਼ੌਂਡੇਰਵਨ ਇਲੂਸਟਰੇਟਡ ਬਾਈਬਲ ਬੈਕਗਰਾਊਂਡਸ ਕਮੈਂਟਰੀ*, ਜਿਲਦ 1, *ਉਤਪਤ, ਕੂਚ, ਲੇਵੀਆਂ ਦੀ ਪੋਥੀ, ਗਿਣਤੀ, ਬਿਵਸਥਾ ਸਾਰ*, ਸੰਪਾ. ਜੌਨ ਐਚ. ਵਾਲਟਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੌਂਡੇਰਵਨ, 2009) ਵਿਚ ਸਫ਼ਾ 349 ਤੇ "ਗਿਣਤੀ" ਹੈ। [2]ਆਰ. ਈ. ਏਵਰਬੈਕ ਦੀ ਪੁਸਤਕ *ਡਿਕਸ਼ਨਰੀ ਆਫ਼ ਦਿ ਓਲਡ ਟੈਸਟਾਮੈਂਟ: ਪੈਂਟਾਟੁਕ*, ਸੰਪਾ. ਟੀ. ਡੈਸਮੰਡ ਐਲਗਜੰਡਰ ਅਤੇ ਡੇਵਿਡ ਡਬਲਿਯੂ. ਬੇਕਰ (ਡਾਊਨਰਸ ਗਰੋਵ, ਇਲੀਨੋਇਸ: ਇੰਟਰਵਰਸਿਟੀ ਪ੍ਰੈਸ, 2003) ਵਿਚ ਸਫ਼ਾ 719 ਤੇ "ਬਲੀਆਂ ਅਤੇ ਭੇਟਾਂ" ਹੈ। [3]ਕੋਲ, 349. [4]ਵਧੇਰੇ ਜਾਣਕਾਰੀ ਲਈ, ਜੇ. ਮਿਲਗਰੋਮ ਦੀ ਪੁਸਤਕ *ਦ ਇੰਟਰਪਰਿਟਰਸ ਡਿਕਸ਼ਨਰੀ ਆਫ਼ ਦ ਬਾਈਬਲ*, ਸਪਲੀਮੈਂਟਰੀ

ਵੋਲੁਅਮ, ਸੰਪਾ. ਕੀਥ ਕਰਿਮ (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1976) ਵਿਚ ਸਫ਼ੇ 944-46 ਤੇ “ਹਿਲਾਉਣ ਦੀ ਭੇਟ” ਹੈ। [5]ਜੂਲੀਅਸ ਐਚ. ਗਰੀਨਸਟੋਨ ਦੀ ਪੁਸਤਕ ਦ ਹੋਲੀ ਸਕਰਿਪਚਰ ਵਿਦ ਕਮੈਂਟਰੀ (ਫਿਲਾਡੈਲਫੀਆ: ਜੂਇਸ਼ ਪਬਲੀਕੇਸ਼ਨ ਸੋਸਾਇਟੀ ਆਫ਼ ਅਮੈਰਿਕਾ, 1939) ਵਿਚ ਸਫ਼ਾ 58 ਤੇ *ਗਿਣਤੀ* ਹੈ। [6]ਮਿਸ਼ਨਾਹ ਕਹਿੰਦਾ ਹੈ ਕਿ “ਸਮੂਏਲ ਨਜ਼ੀਰ ਸੀ” (*ਨਜ਼ੀਰ* 9.5)। ਖਾਰਾ ਸਮੁੰਦਰ ਲਪੇਟਵੀਂ ਪੱਤ੍ਰੀ ਦੇ ਆਧਾਰ ਤੇ (4Qsam), NRSV ਬਾਈਬਲ ਕਹਿੰਦੀ ਹੈ, “ਮੈਂ ਹਮੇਸ਼ਾ ਦੇ ਲਈ ਉਸ ਨੂੰ ਨਜ਼ੀਰ ਕਰਕੇ ਦੇ ਦੇਵਾਂਗੀ” (1 ਸਮੂਏਲ 1:22)। ਕਈਆਂ ਦਾ ਮੰਨਣਾ ਹੈ ਕਿ ਅਸਲ ਵਿਚ ਇਸ ਨੂੰ ਇਸੇ ਤਰ੍ਹਾਂ ਪੜ੍ਹਨਾ ਚਾਹੀਦਾ ਸੀ ਅਤੇ ਇਹ ਕਿ “ਨਜ਼ੀਰ” ਸ਼ਬਦ ਅਚਾਣਕ ਮੂਸਾ ਦੀ ਲਿਖਤ ਵਿੱਚੋਂ ਛੁੱਟ ਗਿਆ ਸੀ। [7]“ਬਰਕਤ ਦਾ ਕਲਮਾ” ਸ਼ਬਦ ਦਾ ਅਰਥ ਹੈ “ਰੱਬੀ ਅਸੀਸ ਦੀ ਬੇਨਤੀ,” ਆਮ ਤੌਰ ਤੇ ਇਹ ਬੰਦਗੀ ਸਭਾ ਦੇ ਅੰਤ ਵਿਚ ਪੜ੍ਹਿਆ ਜਾਂਦਾ ਹੈ (*ਅਮੈਰੀਕਨ ਹੈਰੀਟੇਜ ਡਿਕਸ਼ਨਰੀ*, ਚੌਥਾ ਸੰਪਾਦਨ [2001]), s.v. “ਬੈਨੇਡਿਕਸ਼ਨ।” [8]ਡੈਨਿਸ ਟੀ. ਓਲਸਨ ਦੀ ਪੁਸਤਕ *ਗਿਣਤੀ*, ਇੰਟਰਪਰੀਟੇਸ਼ਨ (ਲਾਊਸਵਿਲੇ: ਜੌਨ ਨੌਕਸ ਪ੍ਰੈਸ, 1996) ਸਫ਼ਾ 40-41. ਚਾਂਦੀ ਦੀਆਂ ਲਪੇਟਵੀਆਂ ਪੱਤ੍ਰੀਆਂ ਦੀ ਫੋਟੋ ਦੇ ਲਈ, ਕੋਲ ਦੀ ਪੁਸਤਕ ਦਾ ਸਫ਼ਾ, 351 ਵੇਖੋ। [9]ਜੀ. ਲੌਇਡ ਕਾਰ ਦੀ ਪੁਸਤਕ *ਥੀਓਲੀਜੀਕਲ ਵਰਡਬੁਕ ਆਫ਼ ਦਿ ਓਲਡ ਟੈਸਟਾਮੈਂਟ*, ਸੰਪਾ. ਆਰ. ਲਾਇਰਡ ਹੈਰਿਸ, ਗਲੀਸਨ ਐਲ. ਆਰਚਰ, ਜੂਨੀਅਰ ਅਤੇ ਬਰੂਸ ਕੇ. ਵਾਲਟਕੀ (ਸ਼ਿਕਾਗੋ: ਮੂਡੀ ਪ੍ਰੈਸ, 1980) ਵਿਚ ਸਫ਼ਾ 2:931 ਤੇ “שָׁלֹם *(ਸ਼ਾਲੋਮ)”* ਹੈ। [10]ਗੋਰਡਨ ਜੇ. ਵੈਨਹਮ ਦੀ ਪੁਸਤਕ ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ਾ 90 ਤੇ *ਗਿਣਤੀ* ਹੈ।